ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 18 Issue 22 | Friday September 15 to 21 September, 2023 | Published Weekly from New York | www.PUNJABIDUNIYA.com




# ਖ਼ਾਲਿਸਤਾਨੀ ਸਮਰਥਕਾਂ ਖ਼ਿਲਾਫ਼ ਐਕਸ਼ਨ 'ਚ ਸਰਕਾਰ, 19 ਜਣਿਆਂ ਦੀ ਕੀਤੀ ਪਛਾਣ

ਨਵੀਂ ਦਿੱਲੀ (ਇੰਟ.)- ਭਾਰਤ ਸਰਕਾਰ ਨੇ ਵਿਦੇਸ਼ਾਂ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਖਾਲਿਸਤਾਨੀ ਸਮਰਥਕਾਂ 'ਤੇ ਸ਼ਿਕੰਜਾ ਕੱਸਣ ਲਈ ਪੂਰੀ ਤਿਆਰੀ ਕਰ ਲਈ ਹੈ। ਇੰਗਲੈਂਡ ਵਿਚ ਲੰਡਨ ਅਤੇ ਅਮਰੀਕਾ ਦੇ ਸੈਨ ਫਰਾਂਸਿਸਕੋ ਵਿਚ ਭਾਰਤੀ ਦੂਤਘਰਾਂ 'ਤੇ ਹਮਲਾ ਕਰਨ ਵਾਲੇ 19 ਖਾਲਿਸਤਾਨੀਆਂ ਦੀ ਪਛਾਣ ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ.) ਨੇ ਕਰ ਲਈ ਹੈ। 19 ਮਾਰਚ ਨੂੰ ਇੰਗਲੈਂਡ ਵਿਚ 45 ਖਾਲਿਸਤਾਨ ਸਮਰਥਕਾਂ ਨੇ ਭਾਰਤੀ ਦੂਤਘਰ 'ਤੇ ਹਮਲਾ ਕੀਤਾ ਸੀ ਅਤੇ ਸੈਨ ਫਰਾਂਸਿਸਕੋ ਵਿਚ 2 ਜੁਲਾਈ ਨੂੰ ਭਾਰਤੀ ਵਣਜ ਦੂਤਘਰ ਭਵਨ ਵਿਚ ਅੱਗ ਲਗਾ ਦਿੱਤੀ ਸੀ।




ਰਾਸ਼ਟਰੀ ਜਾਂਚ ਏਜੰਸੀ ਨੇ ਸੈਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਨੂੰ ਨਿਸ਼ਾਨਾ ਬਣਾਉਣ ਵਾਲੇ 4 ਖਾਲਿਸਤਾਨੀ ਸਮਰਥਕਾਂ ਦੀ ਵੀ ਪਛਾਣ ਕੀਤੀ ਹੈ। ਐੱਨ. ਆਈ. ਏ. ਨੇ ਇਨ੍ਹਾਂ ਸਾਰੇ ਪਛਾਣੇ ਗਏ ਖਾਲਿਸਤਾਨੀਆਂ ਲਈ ਇਮੀਗ੍ਰੇਸ਼ਨ ਵਿਭਾਗ ਤੋਂ ਲੁੱਕਆਊਟ ਸਰਕੂਲਰ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਿੱਖਸ ਫਾਰ ਜਸਟਿਸ (ਐੱਸ. ਐੱਫ. ਜੇ.) ਨਾਲ ਜੁੜੇ ਖਾਲਿਸਤਾਨੀ ਸਮਰਥਕਾਂ ਨੇ ਕੈਨੇਡਾ 'ਚ ਮਾਰੇ ਗਏ ਮੋਸਟ ਵਾਂਟੇਡ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਗੁੱਸੇ 'ਚ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਦੀ ਇਮਾਰਤ ਨੂੰ ਅੱਗ ਲਗਾ ਦਿੱਤੀ ਸੀ।

ਕੈਨੇਡਾ ਵਿਚ ਖਾਲਿਸਤਾਨੀਆਂ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਲਗਾਤਾਰ ਵੱਧ ਰਹੀਆਂ ਹਨ। ਖਾਲਿਸਤਾਨੀ ਸਮਰਥਕ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਭਾਰਤੀ ਦੂਤਘਰ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਵਾਰ-ਵਾਰ ਪੋਸਟਰ ਜਾਰੀ ਕਰ ਰਹੇ ਹਨ। ਇਨ੍ਹਾਂ ਸਾਰੀਆਂ ਖਾਲਿਸਤਾਨੀ ਗਤੀਵਿਧੀਆਂ ਦੀ ਜਾਂਚ ਲਈ ਐੱਨ. ਆਈ. ਏ. ਦੀ ਟੀਮ ਅਗਲੇ ਮਹੀਨੇ ਕੈਨੇਡਾ ਜਾਏਗੀ। ਇਸ ਤੋਂ ਪਹਿਲਾਂ ਐੱਨ. ਆਈ. ਏ. ਦੀ ਟੀਮ ਇੰਗਲੈਂਡ ਅਤੇ ਅਮਰੀਕਾ ਵਿਚ ਭਾਰਤੀ ਦੂਤਘਰਾਂ 'ਤੇ ਹੋਏ ਹਮਲਿਆਂ ਦੀ ਜਾਂਚ ਲਈ ਗਈ ਸੀ। ਐੱਨ. ਆਈ. ਏ. ਉਥੇ ਹਮਲੇ ਕਰਨ ਵਾਲੇ ਖਾਲਿਸਤਾਨ ਸਮਰਥਕਾਂ ਦੀ ਪਛਾਣ ਤੋਂ ਬਾਅਦ ਹੁਣ ਕੈਨੇਡਾ ਵਿਚ ਹਮਲਾ ਬੋਲਣ ਵਾਲੇ ਖਾਲਿਸਤਾਨ ਸਮਰਥਕਾਂ ਦੀ ਪਛਾਣ ਕਰੇਗੀ ਅਤੇ ਉਨ੍ਹਾਂ ਦੇ ਲੁੱਕਆਊਟ ਸਰਕੂਲਰ ਜਾਰੀ ਕਰਵਾਏਗੀ।

# ਇਮਰਾਨ ਵਲੋਂ ਅਟਕ ਜੇਲ੍ਹ ਦੇ ਸੁਪਰਡੈਂਟ ਖ਼ਿਲਾਫ਼ ਅਦਾਲਤ 'ਚ ਪਟੀਸ਼ਨ ਦਾਇਰ



ਇਸਲਾਮਾਬਾਦ : ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇੱਕ ਵਿਸ਼ੇਸ਼ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਅਟਕ ਜੇਲ੍ਹ ਦੇ ਸੁਪਰਡੈਂਟ ਖ਼ਿਲਾਫ਼ ਅਦਾਲਤੀ ਹੱਤਕ ਦੀ ਕਾਰਵਾਈ ਕੀਤੀ ਜਾਵੇ ਕਿਉਂਕਿ ਉਸ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਆਪਣੇ ਪੁੱਤਰਾਂ ਨਾਲ ਫ਼ੋਨ 'ਤੇ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਇਹ ਜਾਣਕਾਰੀ ਮੀਡੀਆ ਰਿਪੋਰਟਾਂ 'ਚ ਸਾਹਮਣੇ ਆਈ ਹੈ। ਇਮਰਾਨ ਖਾਨ (70) ਸਰਕਾਰੀ ਜਾਣਕਾਰੀ ਨਸ਼ਰ ਕਰਨ ਨਾਲ ਸਬੰਧਤ ਕੇਸ ਵਿੱਚ 13 ਸਤੰਬਰ ਤਕ ਨਿਆਂਇੱਕ ਹਿਰਾਸਤ ਵਿੱਚ ਹਨ। ਤੋਸ਼ਾਖਾਨਾ ਭ੍ਰਿਸ਼ਟਾਚਾਰ ਕੇਸ 'ਚ ਦੋਸ਼ੀ ਠਹਿਰਾਏ ਜਾਣ ਮਗਰੋਂ 5 ਅਗਸਤ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਉਹ ਅਟਕ ਜੇਲ੍ਹ 'ਚ ਬੰਦ ਹਨ। ਪਿਛਲੇ ਮਹੀਨੇ ਇਮਰਾਨ ਨੂੰ ਅਦਾਲਤ ਨੇ ਆਪਣ ਪੁੱਤਰਾਂ ਕਾਸਿਮ ਤੇ ਸੁਲੇਮਾਨ ਨਾਲ ਗੱਲ ਕਰਨ ਦੀ ਇਜਾਜ਼ਤ ਦਿੱਤੀ ਸੀ। ਮੀਡੀਆ ਰਿਪੋਰਟਾਂ ਅਨੁਸਾਰ ਖਾਨ ਨੇ ਪਟੀਸ਼ਨ 'ਚ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਲਈ ਅਟਕ ਜੇਲ੍ਹ ਦੇ ਸੁਪਡੈਂਟ ਖ਼ਿਲਾਫ਼ ਅਦਾਲਤੀ ਹੱਤਕ ਦੀ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ।

# ਬਾਈਡੇਨ ਨੇ ਮਹਾਦੋਸ਼ ਦੀ ਜਾਂਚ ਨੂੰ ਕੀਤਾ ਖਾਰਿਜ, ਕਿਹਾ- ਸਰਕਾਰ ਦਾ ਕੰਮ ਠੱਪ ਕਰਨਾ ਚਾਹੁੰਦੇ ਨੇ ਰਿਪਬਲਿਕਨ

ਵਾਸ਼ਿੰਗਟਨ - ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਬੁੱਧਵਾਰ ਦੇਰ ਰਾਤ ਹਾਊਸ ਆਫ ਰਿਪ੍ਰਜ਼ੈਂਟੇਟਿਵ ਦੇ ਰਿਪਬਲਿਕਨ ਨੇਤਾਵਾਂ ਦੀ ਮਹਾਦੋਸ਼ ਜਾਂਚ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਰਿਪਬਲਿਕਨ ਨੇਤਾਵਾਂ ਨੇ ਉਸ ਵਿਰੁੱਧ ਜਾਂਚ ਸ਼ੁਰੂ ਕੀਤੀ ਕਿਉਂਕਿ ਉਹ ਸੰਘੀ ਸਰਕਾਰ ਦਾ ਕੰਮਕਾਜ ਠੱਪ ਕਰਨਾ ਚਾਹੁੰਦੇ ਸਨ। ਵਰਜੀਨੀਆ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਫੰਡਰੇਜ਼ਰ ਵਿਚ ਬੋਲਦਿਆਂ ਬਾਈਡੇਨ ਨੇ ਕਿਹਾ ਕਿ ਜਾਂਚ ਬਾਰੇ ਚਿੰਤਾ ਕਰਨ ਦੀ ਬਜਾਏ, ਮੈਂ ਉਨ੍ਹਾਂ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰ ਰਿਹਾ ਹਾਂ ਜਿਨ੍ਹਾਂ 'ਤੇ ਅਮਰੀਕੀ ਲੋਕ ਚਾਹੁੰਦੇ ਹਨ ਕਿ ਮੈਂ ਧਿਆਨ ਦੇਵਾਂ।



ਰਾਸ਼ਟਰਪਤੀ ਦੀਆਂ ਪਹਿਲੀਆਂ ਟਿੱਪਣੀਆਂ ਸਪੀਕਰ ਕੇਵਿਨ ਮੈਕਕਾਰਥੀ ਦੁਆਰਾ ਬਾਈਡੇਨ ਵਿਰੁੱਧ ਮਹਾਦੋਸ਼ ਜਾਂਚ ਸ਼ੁਰੂ ਕਰਨ ਦਾ ਐਲਾਨ ਕਰਨ ਤੋਂ ਬਾਅਦ ਆਈਆਂ। ਬਾਈਡੇਨ ਨੇ ਕਿਹਾ ਕਿ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਹ ਮੇਰੇ 'ਤੇ ਮਹਾਦੋਸ਼ ਚਲਾਉਣਾ ਚਾਹੁੰਦੇ ਹਨ ਕਿਉਂਕਿ ਉਹ ਸਰਕਾਰ ਦਾ ਕੰਮਕਾਜ ਠੱਪ ਕਰਨਾ ਚਾਹੁੰਦੇ ਹਨ,÷। ਬਾਈਡੇਨ ਨੇ 2024 ਦੀਆਂ ਚੋਣਾਂ ਵਿੱਚ ਆਪਣੇ ਮੁੱਖ ਵਿਰੋਧੀ ਡੋਨਾਲਡ ਟਰੰਪ ਦੀ ਚੋਟੀ ਦੀ ਸਹਿਯੋਗੀ ਮਾਰਜੋਰੀ ਟੇਲਰ ਗ੍ਰੀਨ ਦਾ ਵੀ ਹਵਾਲਾ ਦਿੱਤਾ। ਉਹਨਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਕੰਮ ਜੋ ਉਹ ਕਰਨਾ ਚਾਹੁੰਦੀ ਸੀ, ਉਹ ਬਾਈਡੇਨ 'ਤੇ ਮਹਾਦੋਸ਼ ਚਲਾਉਣਾ ਸੀ

ਬਾਈਡੇਨ ਨੇ ਉਥੇ ਮੌਜੂਦ ਲੋਕਾਂ ਨੂੰ ਕਿਹਾ ਕਿ 'ਦੇਖੋ, ਮੈਨੂੰ ਇਕ ਕੰਮ ਮਿਲ ਗਿਆ ਹੈ। ਮੈਂ ਉਨ੍ਹਾਂ ਮੁੱਦਿਆਂ ਨਾਲ ਨਜਿੱਠਣਾ ਹੈ ਜੋ ਹਰ ਰੋਜ਼ ਅਮਰੀਕੀ ਲੋਕਾਂ ਨੂੰ ਪ੍ਰਭਾਵਤ ਕਰਦੇ ਹਨ।' ਆਪਣੇ ਬੇਟੇ ਹੰਟਰ ਅਤੇ ਪਰਿਵਾਰਕ ਵਿੱਤੀ ਕਾਰੋਬਾਰੀ ਸੌਦਿਆਂ ਨੂੰ ਲੈ ਕੇ ਬਾਈਡੇਨ ਵਿਰੁੱਧ ਮਹਾਦੋਸ਼ ਦੀ ਜਾਂਚ ਦੇ ਨਿਰਦੇਸ਼ ਦੇਣ ਦੇ ਮੈਕਕਾਰਥੀ ਦੇ ਅਚਾਨਕ ਫ਼ੈਸਲੇ ਨੇ ਰਿਪਬਲਿਕਨ ਸੰਸਦ ਮੈਂਬਰਾਂ ਨੂੰ ਖੁਸ਼ ਕੀਤਾ। ਕੁਝ ਸੰਸਦ ਮੈਂਬਰ ਤੇਜ਼ ਕਾਰਵਾਈ ਲਈ ਜ਼ੋਰ ਦੇ ਰਹੇ ਹਨ, ਜਦੋਂ ਕਿ ਦੂਸਰੇ ਉਮੀਦ ਕਰਦੇ ਹਨ ਕਿ ਇਹ ਕਾਰਵਾਈ ਚੋਣ ਸਾਲ 2024 ਤੱਕ ਖਿੱਚੀ ਜਾ ਸਕਦੀ ਹੈ।



# ਮੋਦੀ ਦੀ ਕੌਮਾਂਤਰੀ ਪ੍ਰਵਾਨਗੀ ਤੋਂ INDIA ਚਿੰਤਤ



ਨਵੀਂ ਦਿੱਲੀ: ਇੰਡੀਆ ਗੱਠਜੋੜ ਦੀਆਂ ਪਾਰਟੀਆਂ ਬਹੁਤ ਹੀ ਸਫ਼ਲ G-20 ਸੰਮੇਲਨ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇੱਕ ਤਜਰਬੇਕਾਰ ਸਿਆਸਤਦਾਨ ਵਜੋਂ ਵਿਸ਼ਵ ਪੱਧਰ ’ਤੇ ਪ੍ਰਵਾਨ ਕਰਨ ਨੂੰ ਲੈ ਕੇ ਬੇਹੱਦ ਚਿੰਤਤ ਹਨ। ਜਿਸ ਤਰ੍ਹਾਂ ਪੱਛਮੀ ਦੁਨੀਆਂ ਨੇ ਮੋਦੀ ਦੀ ਸ਼ਲਾਘਾ ਕੀਤੀ ਹੈ ਅਤੇ G-20 ਮੈਨੀਫ਼ੈਸਟੋ ’ਤੇ ਸਹਿਮਤੀ ਬਣੀ ਹੈ, ਮੋਦੀ ਨੇ ਆਪਣੀ ਯੋਗਤਾ ਨੂੰ ਸਾਬਤ ਕਰ ਦਿੱਤਾ ਹੈ।

ਦੂਜੇ ਪਾਸੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਬੇਚੈਨ ਹਨ ਕਿਉਂਕਿ ਕਾਂਗਰਸ ਇੰਡੀਆ ਗਠਜੋੜ ਦੀਆਂ ਪਾਰਟੀਆਂ ਨਾਲ ਸੀਟਾਂ ਦੀ ਵੰਡ ਬਾਰੇ ਗੱਲਬਾਤ ਕਰਨ ਤੋਂ ਝਿਜਕ ਰਹੀ ਹੈ।ਨਿਤੀਸ਼ ਕਈ ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਨਾ ਤਾਂ ਪ੍ਰਧਾਨ ਮੰਤਰੀ ਬਣਨ ਅਤੇ ਨਾ ਹੀ ਇੰਡੀਆ ਦਾ ਕਨਵੀਨਰ ਬਣਨ ਦੀ ਕੋਈ ਇੱਛਾ ਹੈ, ਪਰ ਇਹ ਨਿਤੀਸ਼ ਹੀ ਸਨ ਜਿਨ੍ਹਾਂ ਰਾਸ਼ਟਰੀ ਪੱਧਰ ’ਤੇ ਵਿਰੋਧੀ ਧਿਰਾਂ ਨੂੰ ਇਕਜੁੱਟ ਕਰਨ ਲਈ ਜ਼ੋਰਦਾਰ ਯਤਨ ਸ਼ੁਰੂ ਕੀਤੇ ਸਨ।

ਇੰਡੀਆ ਲਈ ਚਿੰਤਾ ਦਾ ਇੱਕ ਹੋਰ ਮੁੱਦਾ ਮਹਾਰਾਸ਼ਟਰ ਪ੍ਰਤੀ NCP ਦੀ ਦੋਹਰੀ ਪਹੁੰਚ ਹੈ ਜਿੱਥੇ ਸ਼ਰਦ ਪਵਾਰ ਅਤੇ ਅਜੀਤ ਪਵਾਰ ਵੱਖ-ਵੱਖ ਕੈਂਪਾਂ ’ਚ ਬੈਠੇ ਹਨ ਪਰ ਫ਼ਿਰ ਵੀ ਉਹ ਦਾਅਵਾ ਕਰਦੇ ਹਨ ਕਿ ਉਹ ਇੱਕ ਪਰਿਵਾਰ ਹਨ ਅਤੇ ਪਾਰਟੀ ’ਚ ਕੋਈ ਵੰਡ ਨਹੀਂ ਹੈ।

ਨਿਤੀਸ਼ ਲਾਲੂ ਤੋਂ ਵੀ ਨਿਰਾਸ਼ ਹਨ ਕਿਉਂਕਿ ਰਾਸ਼ਟਰੀ ਜਨਤਾ ਦਲ ਦੇ ਮੁਖੀ ਅਤੇ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ ਨਿਤੀਸ਼ ਦੀ ਯੋਗਤਾ ਅਤੇ PM ਦੇ ਅਹੁਦੇ ਲਈ ਉਮੀਦਵਾਰੀ ਬਾਰੇ ਖੁਲ੍ਹ ਕੇ ਬੋਲਣ ਤੋਂ ਝਿਜਕ ਰਹੇ ਹਨ। ਇੰਡੀਆ ਨੇ ਅਜੇ ਤਕ ਕੋਈ ਕੋਔਰਡੀਨੇਟਰ ਨਿਯੁਕਤ ਨਹੀਂ ਕੀਤਾ। ਇਸ ਸਬੰਧੀ ਚੋਣ ਮੁੰਬਈ ’ਚ ਹੋਣੀ ਸੀ ਪਰ ਅਜਿਹਾ ਨਹੀਂ ਹੋਇਆ।ਇਸੇ ਕਾਰਨ ਜਨਤਾ ਦਲ (U) ਦੇ ਆਗੂ ਭਵਿੱਖ ਬਾਰੇ ਸੋਚਣ ਲਈ ਮਜਬੂਰ ਹੋ ਗਏ ਹਨ। ਹੁਣ ਸਪਸ਼ਟ ਨਜ਼ਰ ਆ ਰਿਹਾ ਹੈ ਕਿ ਇੰਡੀਆ ਦੀ ਅਗਲੀ ਮੀਟਿੰਗ ’ਚ ਕਨਵੀਨਰ ਦੀ ਚੋਣ ਕੀਤੀ ਜਾਵੇਗੀ।

# ਭਾਰਤ ਦੀ ਪ੍ਰਧਾਨਗੀ ਹੇਠ G-20 ਦੀ ਇਤਿਹਾਸਕ ਸਫ਼ਲਤਾ ’ਤੇ ਅਮਿਤ ਸ਼ਾਹ ਵਲੋਂ ਵਧਾਈ



ਨਵੀਂ ਦਿੱਲੀ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਰਤ ਦੀ G-20 ਦੀ ਪ੍ਰਧਾਨਗੀ ਦੀ ਇਤਿਹਾਸਕ ਸਫ਼ਲਤਾ ਲਈ ਐਤਵਾਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਿਖਰ ਸੰਮੇਲਨ ਦੇਸ਼ ਦੇ ਹਰ ਉਸ ਨਾਗਰਿਕ ਲਈ ਇੱਕ ਅਮਿੱਟ ਛਾਪ ਛੱਡ ਗਿਆ ਹੈ ਜੋ ਭਾਰਤੀ ਪਰੋਪਕਾਰੀ ਸਭਿਆਚਾਰਕ ਮੁੱਲਾਂ ਦੀ ਮਹਾਨਤਾ ’ਚ ਵਿਸ਼ਵਾਸ ਕਰਦਾ ਹੈ। G-20 ਸਿਖਰ ਸੰਮੇਲਨ ਐਤਵਾਰ ਨੂੰ ਖ਼ਤਮ ਹੋ ਗਿਆ। ਉਭਰਦੀ ਅਤੇ ਵਿਕਸਿਤ ਅਰਥ-ਵਿਵਸਥਾਵਾਂ ਦੇ ਸਮੂਹ ਨੇ ਆਮ ਸਹਿਮਤੀ ਰਾਹੀਂ ਨਵੀਂ ਦਿੱਲੀ ਘੋਸ਼ਣਾਪੱਤਰ ਨੂੰ ਅੰਗੀਕਾਰ ਕੀਤਾ ਅਤੇ ਅਫ਼ਰੀਕੀ ਸੰਘ ਨੂੰ ਇਸ ਸਮੂਹ ਦੇ ਸਥਾਈ ਮੈਂਬਰ ਦੇ ਰੂਪ ’ਚ ਸ਼ਾਮਿਲ ਕੀਤਾ।ਸ਼ਾਹ ਨੇ X ’ਤੇ ਇੱਕ ਪੋਸਟ ’ਚ ਕਿਹਾ ਕਿ G-20 ਦੀ ਸਾਡੀ ਪ੍ਰਧਾਨਗੀ ਦੀ ਇਤਿਹਾਸਿਕ ਸਫ਼ਲਤਾ ’ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮੇਰੇ ਵਲੋਂ ਵਧਾਈ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਚਾਹੇ ਨਵੀਂ ਦਿੱਲੀ ਘੋਸ਼ਣਾ ਪੱਤਰ ਨੂੰ ਸਵੀਕਾਰ ਕਰਨਾ ਹੋਵੇ ਜਾਂ ਅਫ਼ਰੀਕੀ ਸੰਘ ਨੂੰ ਸਥਾਈ ਮੈਂਬਰ ਦੇ ਰੂਪ ’ਚ ਸ਼ਾਮਿਲ ਕਰਨਾ ਹੋਵੇ।


# ਅੰਬੀਆਂ ਕਤਲ ਕਾਂਡ ਦਾ ਸ਼ਾਰਪ ਸ਼ੂਟਰ ਦਿੱਲੀ ਤੋਂ ਗ੍ਰਿਫ਼ਤਾਰ



ਨਵੀਂ ਦਿੱਲੀ: ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਕਾਂਡ ’ਚ ਲੋੜੀਂਦੇ ਸ਼ੂਟਰ ਹੈਰੀ ਨੂੰ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਰਾਜਪੁਰਾ ’ਚ ਰਹਿਣ ਵਾਲੇ ਹੈਰੀ ਨੂੰ ਦਿੱਲੀ ਪੁਲੀਸ ਨੇ ਜਾਲ ਵਿਛਾ ਕੇ ਕਾਬੂ ਕੀਤਾ ਹੈ।

ਇੱਕ ਅਧਿਕਾਰੀ ਅਨੁਸਾਰ ਦਿੱਲੀ ਪੁਲੀਸ ਇਸ ਮਾਮਲੇ ’ਚ ਫ਼ਰਾਰ ਚੱਲ ਰਹੇ ਪੁਨੀਤ ਅਤੇ ਲੱਲੀ ਬਾਰੇ ਵੀ ਹੈਰੀ ਤੋਂ ਜਾਣਕਾਰੀ ਹਾਸਿਲ ਕਰੇਗੀ। ਜਲੰਧਰ ਪੁਲੀਸ ਸ਼ਾਰਪ ਸ਼ੂਟਰ ਹੈਰੀ ਦੀ ਲੰਬੇ ਸਮੇਂ ਤੋਂ ਭਾਲ ਕਰ ਰਹੀ ਸੀ। ਉਹ ਸੂਬੇ ਦੇ ਕਈ ਹੋਰ ਜ਼ਿਲ੍ਹਿਆਂ ਦੀ ਪੁਲੀਸ ਨੂੰ ਵੀ ਲੋੜੀਂਦਾ ਸੀ। ਸਮਝਿਆ ਜਾਂਦਾ ਹੈ ਕਿ ਦਿੱਲੀ ਪੁਲੀਸ ਦੀ ਪੁੱਛਗਿਛ ਪੂਰੀ ਹੋਣ ਤੋਂ ਬਾਅਦ ਪੰਜਾਬ ਪੁਲੀਸ ਵੀ ਹੈਰੀ ਨੂੰ ਪ੍ਰੋਡਕਸ਼ਨ ਵਾਰੰਟ ’ਤੇ ਪੰਜਾਬ ਲਿਆ ਕੇ ਉਸ ਕੋਲੋਂ ਪੁੱਛਗਿੱਛ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ 14 ਮਾਰਚ 2022 ਨੂੰ ਸੰਦੀਪ ਨੰਗਲ ਅੰਬੀਆਂ ਦੀ ਜਲੰਧਰ ਨੇੜਲੇ ਪਿੰਡ ਮੱਲੀਆਂ ’ਚ ਇੱਕ ਕਬੱਡੀ ਟੂਰਨਾਮੈਂਟ ਦੌਰਾਨ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਕਾਰ ’ਚ ਆਏ ਪੰਜ ਹਮਲਾਵਰ ਫ਼ਰਾਰ ਹੋ ਗਏ ਸਨ। ਇਸ ਮਾਮਲੇ ’ਚ ਕਬੱਡੀ ਫ਼ੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਸਮੇਤ ਕਈ ਹੋਰ ਲੋਕਾਂ ਦਾ ਨਾਂ ਸਾਹਮਣੇ ਆਇਆ ਸੀ। ਚੱਠਾ ਨੂੰ ਜਲੰਧਰ ਹਾਈਟਸ ਸਥਿਤ ਇੱਕ ਫ਼ਲੈਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ’ਚ ਅਮਰੀਕਾ ਵਾਸੀ ਸਰਬਜੀਤ ਸਿੰਘ ਸੱਬਾ ਥਿਆੜਾ, ਕੈਨੇਡਾ ਰਹਿੰਦੇ ਸਨੋਵਰ ਢਿੱਲੋਂ, ਮਲੇਸ਼ੀਆ ਦੇ ਸੁਖਵਿੰਦਰ ਸਿੰਘ ਦੁੱਨੋਕੇ ਉਰਫ਼ ਸੁੱਖਾ ਦੁਨੋਕੇ ਆਦਿ ਨਾਮਜ਼ਦ ਕੀਤੇ ਗਏ ਸਨ।





# ਅਕਾਲੀ ਦਲ ਨਹੀਂ ਬਲਕਿ ਪੰਜਾਬ ਦਿਨੋਂ-ਦਿਨ ਹੋ ਰਿਹੈ ਕਮਜ਼ੋਰ - ਹਰਸਿਮਰਤ ਬਾਦਲ



ਮਾਨਸਾ: ਸਾਬਕਾ ਕੇਂਦਰੀ ਮੰਤਰੀ ਅਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ’ਚ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਨਹੀਂ ਹੋਇਆ, ਸਗੋਂ ਪੰਜਾਬ ਦਿਨੋਂ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ।ਉਨ੍ਹਾਂ ਕਿਹਾ ਕਿ ਸੱਤ ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਜਿਹੜਾ ਰੰਗਲਾ ਪੰਜਾਬ ਛੱਡ ਕੇ ਗਿਆ ਸੀ, ਉਸ ਨੂੰ ਕਾਂਗਰਸ ਅਤੇ ਭਗਵੰਤ ਮਾਨ ਦੀ ਟੀਮ ਨੇ ਕੰਗਾਲ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਪਿੰਡ ਫ਼ਫੜੇ ਭਾਈਕੇ ’ਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੱਡੇ-ਵੱਡੇ ਦਾਅਵੇ ਕਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਪਿੰਡਾਂ ’ਚ ਜਾ ਕੇ ਦੇਖਣ, ਹੁਣ ਲੋਕ ਉਨ੍ਹਾਂ ਦੇ ਗ਼ਲ ਪੈਣ ਨੂੰ ਫ਼ਿਰਦੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੱਤਾ ’ਚ ਆਉਣ ਤੋਂ ਪਹਿਲਾਂ ਗੈਰੰਟੀਆਂ ਦੇਣ ਵਾਲੇ ਅੱਜ ਕਿਤੇ ਲੱਭਦੇ ਨਹੀਂ ਹਨ ਅਤੇ ਲੋਕਾਂ ਨੂੰ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵਲੋਂ ਅੰਨਦਾਤਾ ਨੂੰ ਬਹੁਤ ਵਾਰ ਮੁਆਵਜ਼ਾ ਦਿੱਤਾ ਗਿਆ ਸੀ ਜਦੋਂ ਕਿ ਹੁਣ ਨੁਕਸਾਨੀਆਂ ਫ਼ਸਲਾਂ ਸਮੇਤ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਲੋਕਾਂ ਨੂੰ ਆਮ ਆਦਮੀ ਪਾਰਟੀ ਸਣੇ ਭਾਜਪਾ ਆਗੂਆਂ ਦੇ ਘਰਾਂ ਮੂਹਰੇ ਧਰਨੇ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਹਰਸਿਮਰਤ ਕੌਰ ਬਾਦਲ ਵਲੋਂ ਆਪਣੇ ਲੋਕ ਸਭਾ ਹਲਕੇ ਦੇ ਸਾਰੇ ਵਿਧਾਨ ਸਭਾ ਹਲਕਿਆਂ ’ਚ ਕੀਤੀਆਂ ਜਾ ਰਹੀਆਂ ਰੈਲੀਆਂ ਤੋਂ ਜਾਪਦਾ ਹੈ ਕਿ ਉਨ੍ਹਾਂ ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਸਿਆਸੀ ਹਲਕਿਆਂ ’ਚ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਪਾਰਟੀ ਪ੍ਰਧਾਨ ਵਲੋਂ ਹਰਸਿਮਰਤ ਕੌਰ ਬਾਦਲ ਨੂੰ ਜਿਸ ਤਰ੍ਹਾਂ ਬਠਿੰਡਾ ਲੋਕ ਸਭਾ ਦਾ ਇੰਚਾਰਜ ਬਣਾਇਆ ਗਿਆ ਹੈ, ਉਸ ਤੋਂ ਉਨ੍ਹਾਂ ਦੇ ਚੌਥੀ ਵਾਰ ਇਸੇ ਹਲਕੇ ਤੋਂ ਚੋਣ ਮੈਦਾਨ ’ਚ ਉਤਰਨ ਦੀ ਆਸ ਹੈ।


# ਪੰਜਾਬ ਨੂੰ ਨਸ਼ਾ ਮੁਕਤ ਕਰਨ, ਵਾਤਾਵਰਣ ਅਤੇ ਧਰਤੀ ਨੂੰ ਬਚਾਉਣ ਲਈ ਲੋਕ ਲਹਿਰ ਦੀ ਲੋੜ - ਭਗਵੰਤ ਮਾਨ



ਜਲੰਧਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧੀਜੀਵੀਆਂ ਨੂੰ ਪੰਜਾਬ ’ਚੋਂ ਨਸ਼ਿਆਂ ਦੇ ਖ਼ਾਤਮੇ, ਵਾਤਾਵਰਣ ਅਤੇ ਧਰਤੀ ਨੂੰ ਬਚਾਉਣ ਲਈ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ ਹੈ। ਇਹ ਕੰਮ ਵੀ ਦੇਸ਼ ਭਗਤੀ ਤੋਂ ਘੱਟ ਨਹੀਂ ਹੈ। ਇਸ ਦੇ ਲਈ ਵੀ ਸਾਨੂੰ ਮਿਲ ਕੇ ਲੜਨਾ ਪਵੇਗਾ। ਮੁੱਖ ਮੰਤਰੀ ਐਤਵਾਰ ਨੂੰ ਪੰਜਾਬ ਕੇਸਰੀ ਗਰੁੱਪ ਵਲੋਂ ਕਰਵਾਏ 118ਵੇਂ ਸ਼ਹੀਦ ਪਰਿਵਾਰ ਫ਼ੰਡ ਸਮਾਗਮ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਪੰਜਾਬ ਕੇਸਰੀ ਗਰੁੱਪ ਦੇ ਸੰਸਥਾਪਕ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ 9 ਸਤੰਬਰ ਦੀ ਬਰਸੀ ਸਬੰਧੀ ਸ਼ਹੀਦ ਪਰਿਵਾਰ ਫ਼ੰਡ ਸਮਾਗਮ ਕਰਵਾਇਆ ਗਿਆ ਜਿਸ ’ਚ ਅਤਿਵਾਦ ਪੀੜਤ 170 ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਵੰਡੀ ਗਈ।ਇਸ ਮੌਕੇ ਹਰ ਪੀੜਤ ਪਰਿਵਾਰ ਨੂੰ FDR ਤੋਂ ਇਲਾਵਾ ਪੰਜ ਕਿੱਲੋ ਆਟਾ, ਪੰਜ ਕਿੱਲੋ ਚਾਵਲ, ਇੱਕ ਸਿਲਾਈ ਮਸ਼ੀਨ, ਦੋ ਕੰਬਲ, ਕੱਪੜੇ ਅਤੇ ਭਾਂਡੇ ਵੀ ਦਿੱਤੇ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਵਲੋਂ ਨੌਜਵਾਨਾਂ ਨੂੰ ਸਰਕਾਰੀ ਅਤੇ ਨਿੱਜੀ ਖੇਤਰ ’ਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਹੁਨਰ ਵਿਕਾਸ ਕੇਂਦਰ ਖੋਲ੍ਹੇ ਜਾ ਰਹੇ ਹਨ। ਸੂਬੇ ਦੇ ਨੌਜਵਾਨਾਂ ਨੂੰ UPSC ਵਰਗੇ ਮੁਕਾਬਲਿਆਂ ’ਚ ਹਿੱਸਾ ਲੈਣ ਦੇ ਯੋਗ ਬਣਾਉਣ ਲਈ ਸਰਕਾਰ ਅੱਠ ਸਿਖਲਾਈ ਕੇਂਦਰ ਖੋਲ੍ਹਣ ਜਾ ਰਹੀ ਹੈ।ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਨੌਜਵਾਨ 12ਵੀਂ ਜਮਾਤ ਪਾਸ ਕਰ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ ਜਦ ਕਿ ਵਿਦੇਸ਼ਾਂ ’ਚ ਜ਼ਿੰਦਗੀ ਹੋਰ ਵੀ ਔਖੀ ਹੈ। ਕਿਸੇ ਹੋਰ ਦੇਸ਼ ’ਚ ਸੈਟਲ ਹੋਣਾ ਅਤੇ ਪਰਿਵਾਰ ਪਾਲਣਾ ਬਹੁਤ ਮੁਸ਼ਕਿਲ ਹੈ। ਵਿਦੇਸ਼ ਗਏ ਕਈ ਨੌਜਵਾਨ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਚੁੱਕੇ ਹਨ ਜਿਸ ਕਾਰਨ ਕਈਆਂ ਦੀ ਮੌਤ ਵੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਰ-ਵਾਰ ਡਿੱਗਿਆ ਹੈ ਅਤੇ ਹਰ ਵਾਰ ਖੜ੍ਹਾ ਹੋਇਆ ਹੈ। ਇਸ ਲਈ ਪੰਜਾਬ ਨੂੰ ਮੁੜ ਪੈਰਾਂ ’ਤੇ ਖੜ੍ਹਾ ਕਰਨ ਲਈ ਸਮੂਹ ਪੰਜਾਬੀਆਂ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮਾਲਵਾ ਵਰਗੇ ਖ਼ੇਤਰਾਂ ’ਚ ਧਰਤੀ ਹੇਠਲੇ ਪਾਣੀ ਦਾ ਪੱਧਰ 650 ਫ਼ੁੱਟ ਹੇਠਾਂ ਚਲਾ ਗਿਆ ਹੈ ਅਤੇ ਪਾਣੀ ’ਚ ਪੌਸ਼ਟਿਕ ਤੱਤਾਂ ਦੀ ਘਾਟ ਹੈ।







# ਗੈਂਗਸਟਰਾਂ ਦੇ ਖ਼ਾਤਮੇ ਤੋਂ ਬਿਨਾਂ ਪੰਜਾਬ 'ਚੋਂ ਨਸ਼ਾ ਨਹੀਂ ਹੋਣਾ ਖ਼ਤਮ - ਬਲਕੌਰ ਸਿੰਘ



ਮਾਨਸਾ: ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਗੈਂਗਸਟਰਵਾਦ ਦੇ ਖ਼ਾਤਮੇ ਤੋਂ ਬਿਨਾਂ ਪੰਜਾਬ ਚੋਂ ਨਸ਼ਾ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੈਂਗਸਟਰਾਂ ਨੇ ਪੰਜਾਬ ਸਰਕਾਰ ਦਾ ਸਾਰਾ ਸਿਸਟਮ ਖ਼ਰੀਦਿਆ ਹੋਇਆ ਹੈ। ਉਹ ਆਸਾਨੀ ਨਾਲ ਨਸ਼ਾ ਸਪਲਾਈ, ਫ਼ਿਰੌਤੀਆਂ ਮੰਗਣ, ਡਰਾਉਣ-ਧਮਕਾਉਣ ਦਾ ਕੰਮ ਕਰਦੇ ਹਨ। ਉਹ ਅੱਜ ਪਿੰਡ ਮੂਸਾ 'ਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਹੁਣ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਮੰਤਰੀ ਵੋਟਾਂ ਮੰਗਣ ਆਉਣਗੇ। ਕਾਨੂੰਨ ਦੇ ਦਾਇਰੇ 'ਚ ਰਹਿ ਕੇ ਉਨ੍ਹਾਂ ਨੂੰ ਘੇਰ ਕੇ ਸਵਾਲ ਪੁੱਛਣਾ ਹੈ ਕਿ ਪੰਜਾਬ ਦੇ ਐਨੇ ਮਾੜੇ ਹਾਲਾਤ ਕਿਵੇਂ ਹੋ ਗਏ। ਉਨ੍ਹਾਂ ਸਵਾਲ ਕੀਤਾ ਕਿ ਸਿੱਧੂ ਮੂਸੇਵਾਲਾ ਮਾਮਲੇ 'ਚ ਸਰਕਾਰ ਉਸ ਦੇ ਕਤਲ ਲਈ ਜ਼ਿੰਮੇਵਾਰ ਸਾਜ਼ਿਸ਼ ਘਾੜਿਆਂ ਨੂੰ ਜਾਂਚ 'ਚ ਸ਼ਾਮਿਲ ਕਿਉਂ ਨਹੀਂ ਕਰ ਰਹੀ?

ਬਲਕੌਰ ਸਿੰਘ ਨੇ ਕਿਹਾ ਕਿ ਸਰਕਾਰ ਤੇ ਉਸ ਦੇ ਮੰਤਰੀਆਂ ਨੇ ਇਸ ਕੇਸ ਨੂੰ ਲੈ ਕੇ ਚੁੱਪ ਹੀ ਧਾਰ ਰੱਖੀ ਹੈ, ਪਰ ਉਹ ਗੈਂਗਸਟਰਾਂ ਦੀਆਂ ਧਮਕੀਆਂ ਤੇ ਸਰਕਾਰ ਦੀ ਚੁੱਪ ਤੋਂ ਡਰਨ ਵਾਲੇ ਨਹੀਂ। ਉਹ ਲੋਕਾਂ ਦੇ ਸਾਥ ਨਾਲ ਆਪਣੇ ਪੁੱਤ ਲਈ ਇਸੇ ਤਰ੍ਹਾਂ ਇਨਸਾਫ਼ ਮੰਗਦੇ ਰਹਿਣਗੇ।

# ਸ਼੍ਰੋਮਣੀ ਅਕਾਲੀ ਦਲ ਵਲੋਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ





ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨੌਂ ਲੋਕ ਸਭਾ ਹਲਕਿਆਂ ਦੇ ਇੰਚਾਰਜ ਅਤੇ ਚਾਰ ਵਿਧਾਨ ਸਭਾ ਹਲਕਿਆਂ ਦੇ ਮੁੱਖ ਸੇਵਾਦਾਰ ਨਿਯੁਕਤ ਕਰ ਦਿੱਤੇ ਹਨ ਜਿਨ੍ਹਾਂ ਨੂੰ ਆਪੋ-ਆਪਣੇ ਹਲਕਿਆਂ 'ਚ ਪ੍ਰਚਾਰ ਮੁਹਿੰਮ ਤੇ ਤਾਲਮੇਲ ਦਾ ਕੰਮ ਸ਼ੁਰੂ ਕਰਨ ਦੀਆਂ ਹਿਦਾਇਤਾਂ ਦਿੱਤੀਆਂ ਗਈਆਂ ਹਨ। ਇਸ ਬਾਰੇ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਲੋਕ ਸਭਾ ਹਲਕਾ ਖਡੂਰ ਸਾਹਿਬ, ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਇੰਚਾਰਜ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਨਿਲ ਜੋਸ਼ੀ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ, ਗੁਲਜ਼ਾਰ ਸਿੰਘ ਰਣੀਕੇ ਨੂੰ ਗੁਰਦਾਸਪੁਰ, ਡਾ. ਸੁਖਵਿੰਦਰ ਸੁੱਖੀ ਨੂੰ ਜਲੰਧਰ, ਜਨਮੇਜਾ ਸਿੰਘ ਸੇਖੋਂ ਨੂੰ ਫ਼ਿਰੋਜ਼ਪੁਰ, ਸਿਕੰਦਰ ਸਿੰਘ ਮਲੂਕਾ ਨੂੰ ਫ਼ਰੀਦਕੋਟ ਅਤੇ ਇਕਬਾਲ ਸਿੰਘ ਝੂੰਦਾਂ ਨੂੰ ਸੰਗਰੂਰ ਦਾ ਇੰਚਾਰਜ ਲਗਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ 4ਚਾਰ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ ਲਗਾਏ ਗਏ ਹਨ। ਇਨ੍ਹਾਂ 'ਚ ਹਰਿੰਦਰ ਸਿੰਘ ਮਹਿਰਾਜ ਨੂੰ ਵਿਧਾਨ ਸਭਾ ਹਲਕਾ ਰਾਮਪੁਰਾ, ਅਰਵਿੰਦਰ ਸਿੰਘ ਰਸੂਲਪੁਰ ਉੜਮੁੜ ਨੂੰ ਟਾਂਡਾ, ਕਬੀਰ ਦਾਸ ਨੂੰ ਸ਼ੁਤਰਾਣਾ ਤੇ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਹੁਸ਼ਿਆਰਪੁਰ ਦਾ ਮੁੱਖ ਸੇਵਾਦਾਰ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਐੱਨ. ਕੇ. ਸ਼ਰਮਾ ਨੂੰ ਲੁਧਿਆਣਾ ਸ਼ਹਿਰੀ ਤੇ ਤੀਰਥ ਸਿੰਘ ਮਾਹਲਾ ਨੂੰ ਲੁਧਿਆਣਾ ਦਿਹਾਤੀ ਦਾ ਇੰਚਾਰਜ ਲਗਾਇਆ ਗਿਆ ਹੈ।







# ਮੋਰੌਕੋ 'ਚ ਭੂਚਾਲ 'ਚ ਮਾਰਨ ਵਾਲਿਆਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਪਾਰ

ਰਬਾਤ: ਮੋਰੌਕੋ 'ਚ ਆਏ ਭਿਆਨਕ ਭੂਚਾਲ ਕਾਰਨ ਕਿਸੇ ਵੀ ਭਾਰਤੀ ਨਾਗਰਿਕ ਦੇ ਪ੍ਰਭਾਵਿਤ ਹੋਣ ਦੀ ਫ਼ਿਲਹਾਲ ਕੋਈ ਸੂਚਨਾ ਨਹੀਂ ਹੈ। ਇੱਥੇ ਸਥਿਤ ਭਾਰਤੀ ਦੂਤਘਰ ਨੇ ਇਹ ਜਾਣਕਾਰੀ ਦਿੱਤੀ। ਮੋਰੌਕੋ 'ਚ ਸ਼ੁੱਕਰਵਾਰ ਦੇਰ ਰਾਤ ਆਏ 6.8 ਤੀਬਰਤਾ ਦੇ ਭੂਚਾਲ ਕਾਰਨ ਦੋ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਦੂਤਘਰ ਨੇ ਮੋਰੌਕੋ 'ਚ ਰਹਿ ਰਹੇ ਭਾਰਤੀਆਂ ਨੂੰ ਹੌਂਸਲਾ ਰੱਖਣ ਅਤੇ ਸਥਾਨਕ ਅਧਿਕਾਰੀਆਂ ਵਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਹੈ। ਮੋਰੌਕੋ ਦੇ ਗ੍ਰਹਿ ਮੰਤਰਾਲਾ ਨੇ ਸ਼ਨੀਵਾਰ ਦੇਰ ਰਾਤ ਦੱਸਿਆ ਕਿ ਭੂਚਾਲ 'ਚ 2,021 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਘੱਟੋ-ਘੱਟ 2,059 ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਚੋਂ



1,404 ਦੀ ਹਾਲਤ ਗੰਭੀਰ ਹੈ।

ਭੂਚਾਲ ਦੇ ਬਾਅਦ ਰਬਾਤ 'ਚ ਭਾਰਤੀ ਦੂਤਘਰ ਨੇ ਸ਼ਨੀਵਾਰ ਨੂੰ ਇੱਕ ਐਡਵਾਈਜ਼ਰੀ ਜਾਰੀ ਕੀਤੀ ਅਤੇ ਕਿਹਾ ਕਿ ਉਹ ਭਾਰਤੀ ਭਾਈਚਾਰੇ ਦੇ ਸੰਪਰਕ 'ਚ ਹੈ। ਦੂਤਘਰ ਨੇ ਕਿਹਾ, "ਭੂਚਾਲ ਕਾਰਨ ਕਿਸੇ ਵੀ ਭਾਰਤੀ ਨਾਗਰਿਕ ਦੇ ਪ੍ਰਭਾਵਿਤ ਹੋਣ ਦੀ ਅਜੇ ਤਕ ਕੋਈ ਸੂਚਨਾ ਨਹੀਂ ਹੈ।" ਉਸ ਨੇ ਮੋਰੌਕੋ 'ਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ ਨੂੰ ਹੌਸਲਾ ਰੱਖਣ ਅਤੇ ਸਮੇਂ-ਸਮੇਂ 'ਤੇ ਸਥਾਨਕ ਅਧਿਕਾਰੀਆਂ ਵਲੋਂ ਜਾਰੀ ਸਲਾਹਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਭਾਰਤੀ ਨਾਗਰਿਕ ਕਿਸੇ ਵੀ ਮਦਦ ਲਈ 24 ਘੰਟੇ ਸੇਵਾ 'ਚ ਉਪਲੱਬਧ ਦੂਤਘਰ ਦੇ ਹੈੱਲਪਲਾਈਨ ਨੰਬਰ 'ਤੇ ਫ਼ੋਨ ਕਰ ਸਕਦੇ ਹਨ। ਇਸ ਤੋਂ ਪਹਿਲਾਂ ਮੋਰੌਕੋ 'ਚ ਭਾਰਤੀ ਦੂਤਘਰ ਨੇ ਭੂਚਾਲ ਪੀੜਤਾਂ ਪ੍ਰਤੀ ਹਮਦਰਦੀ ਜ਼ਾਹਿਰ ਕਰਦੇ ਹੋਏ ਕਿਹਾ ਸੀ ਕਿ ਭਾਰਤ ਇਸ ਮੁਸ਼ਕਲ ਸਮੇਂ 'ਚ ਮੋਰੌਕੋ ਨੂੰ ਮਦਦ ਦੇਣ ਲਈ ਤਿਆਰ ਹੈ। PM ਨਰੇਂਦਰ ਮੋਦੀ ਨੇ ਮੋਰੌਕੋ 'ਚ ਭਿਆਨਕ ਭੂਚਾਲ ਨਾਲ ਪ੍ਰਭਾਵਿਤ ਲੋਕਾਂ ਪ੍ਰਤੀ ਹਮਦਰਦੀ ਜ਼ਾਹਰ ਕੀਤੀ ਹੈ।

# ਯੂਕੇ ਨੇ ਗ੍ਰੀਨ ਕਲਾਈਮੇਟ ਫ਼ੰਡ ਲਈ ਦੋ ਅਰਬ ਅਮਰੀਕੀ ਡਾਲਰ ਦੀ ਵਚਨਬੱਧਤਾ ਪ੍ਰਗਟਾਈ



ਲੰਡਨ: ਬ੍ਰਿਟੇਨ ਨੇ ਕਿਹਾ ਕਿ ਉਹ ਜਲਵਾਯੂ ਤਬਦੀਲੀ ਨਾਲ ਨਜਿੱਠਣ 'ਚ ਦੁਨੀਆਂ ਦੀ ਮਦਦ ਕਰਨ ਦੇ ਮਕਸਦ ਨਾਲ ਗ੍ਰੀਨ ਕਲਾਈਮੇਟ ਫ਼ੰਡ (GCF) ਲਈ ਦੋ ਅਰਬ ਅਮਰੀਕੀ ਡਾਲਰ ਦੇਵੇਗਾ। ਭਾਰਤ 'ਚ ਬ੍ਰਿਟੇਨ ਦੇ ਹਾਈ ਕਮਿਸ਼ਨ ਨੇ ਦੱਸਿਆ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਜਲਵਾਯੂ ਤਬਦੀਲੀ ਦੇ ਪ੍ਰਭਾਵ ਨੂੰ ਘੱਟ ਕਰਨ ਅਤੇ ਉਸ ਅਨੁਸਾਰ ਢੱਲਣ 'ਚ ਦੁਨੀਆਂ ਦੇ ਕਮਜ਼ੋਰ ਲੋਕਾਂ ਦੀ ਮਦਦ ਕਰਨ ਲਈ ਇਹ ਵਿੱਤੀ ਯੋਗਦਾਨ ਦੇਣ ਦਾ ਐਲਾਨ ਕੀਤਾ ਹੈ।

ਉਨ੍ਹਾਂ G-20 ਨੇਤਾਵਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਬ੍ਰਿਟੇਨ ਕਾਰਬਨ ਨਿਕਾਸੀ ਦੀ ਮਾਤਰਾ ਘੱਟ ਕਰਨ ਵਾਲੇ ਮਾਧਿਅਮ ਅਪਣਾ ਕੇ ਅਤੇ ਜਲਵਾਯੂ ਤਬਦੀਲੀ ਦੇ ਪ੍ਰਭਾਵ ਨਾਲ ਨਜਿੱਠਣ 'ਚ ਦੁਨੀਆਂ ਦੇ ਸਭ ਤੋਂ ਕਮਜ਼ੋਰ ਲੋਕਾਂ ਦੀ ਮਦਦ ਕਰ ਕੇ ਆਪਣੀਆਂ ਜਲਵਾਯੂ ਵਚਨਬੱਧਤਾਵਾਂ ਦੀ ਦਿਸ਼ਾ 'ਚ ਅੱਗੇ ਵੱਧ ਰਿਹਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰ ਰਿਹਾ ਹੈ।" ਸੁਨਕ ਨੇ ਕਿਹਾ, "ਦੁਨੀਆਂ G-20 ਦੇਸ਼ਾਂ ਤੋਂ ਇਸੇ ਤਰ੍ਹਾਂ ਦੀ ਅਗਵਾਈ ਦੀ ਉਮੀਦ ਕਰਦੀ ਹੈ। ਇਹ ਸਰਕਾਰ ਬ੍ਰਿਟੇਨ ਅਤੇ ਦੁਨੀਆਂ ਨੂੰ ਹੋਰ ਵਧੇਰੇ ਖ਼ੁਸ਼ਹਾਲ ਅਤੇ ਸੁਰੱਖਿਅਤ ਬਣਾਉਣ ਲਈ ਉਦਾਹਰਣ ਪੇਸ਼ ਕਰਦੀ ਰਹੇਗੀ।" ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ 10-ਡਾਊਨਿੰਗ ਸਟਰੀਟ ਨੇ ਦੱਸਿਆ ਕਿ ਸੁਨਕ ਨੇ ਵਿਸ਼ਵ ਭਰ ਦੇ ਨੇਤਾਵਾਂ ਨੂੰ ਆਪਣੇ ਦੇਸ਼ਾਂ 'ਚ ਕਾਰਬਨ ਨਿਕਾਸੀ ਘੱਟ ਕਰਨ ਅਤੇ ਜਲਵਾਯੂ ਤਬਦੀਲੀ ਦੇ ਨਤੀਜਿਆਂ ਨਾਲ ਨਜਿੱਠਣ ਲਈ ਇਸ ਸਾਲ ਦਸੰਬਰ 'ਚ ਹੋਣ ਵਾਲੇ COP-28 ਸਿਖਰ ਸੰਮੇਲਨ ਤੋਂ ਪਹਿਲਾਂ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਕਿ ਕਮਜ਼ੋਰ ਅਰਥ-ਵਿਵਸਥਾਵਾਂ ਦੀ ਮਦਦ ਕੀਤੀ ਜਾ ਸਕੇ।

# ਇਟਲੀ 'ਚ ਕੁੱਝ ਔਨ-ਲਾਈਨ ਇੰਟਰਨੈਸ਼ਨਲ ਸਕੂਲਾਂ ਤਹਿਤ ਸੇਵਾ ਕਹਿ ਕਿ ਲੋਕਾਂ ਨੂੰ ਲੁੱਟਣ ਦਾ ਗੌਰਖ ਧੰਦਾ ਜ਼ੋਰਾਂ 'ਤੇ

ਰੋਮ: ਪਿਛਲੇ ਕੁੱਝ ਦਿਨਾਂ ਤੋਂ ਇਟਲੀ ਦੇ ਪੰਜਾਬੀ ਭਾਈਚਾਰੇ ਨੂੰ ਸੋਸ਼ਲ ਮੀਡੀਆ ਰਾਹੀਂ ਕੁੱਝ ਇੰਟਰਨੈਸ਼ਨਲ ਸਕੂਲ ਬਾਰੇ ਵੀਡੀਓਜ਼ ਵੇਖਣ ਨੂੰ ਮਿਲ ਰਹੀਆਂ ਸਨ। ਉਸ ਬਾਬਤ ਉਨ੍ਹਾਂ ਵੀਰਾਂ ਨਾਲ ਗੱਲਬਾਤ ਹੋਈ ਅਤੇ ਉਹਨਾਂ ਨੇ ਦੱਸਿਆ ਕਿ ਕੁੱਝ ਇੰਟਰਨੈਸ਼ਨਲ ਸਕੂਲ ਇਟਲੀ ਵਿਖੇ ਔਨ-ਲਾਈਨ ਭਾਈਚਾਰੇ ਦੀ ਸੇਵਾ ਕਹਿ ਕੇ ਸ਼ੁਰੂ ਕੀਤੇ ਜਾ ਰਹੇ ਹਨ। ਇਹ ਔਨ-ਲਾਈਨ ਸਕੂਲ ਹਨ ਅਤੇ ਇਹ ਸਕੂਲ ਪੰਜਾਬ ਵਿੱਚਲੇ ਕਿਸੇ ਸਕੂਲ ਦੀ ਸ਼ਾਖਾ (ਬ੍ਰਾਂਚ) ਨਹੀਂ ਹਨ ਜਦੋਂ ਕਿ ਪ੍ਰਬੰਧਕ ਆਪਣੇ ਸਕੂਲਾਂ ਨੂੰ ਭਾਰਤ ਦੇ ਨਾਮੀ ਸਿੱਖਿਆ ਬੋਰਡਾਂ ਦੀ ਬ੍ਰਾਂਚ ਦੱਸਦੇ ਹਨ। ਇਹ ਸਕੂਲ ਬੱਚਿਆਂ ਨੂੰ ਪੰਜਾਬੀ ਮਾਂ- ਬੋਲੀ ਨਾਲ ਜੋੜਨ ਲਈ ਸ਼ੁਰੂ ਕੀਤੇ ਗਏ ਹਨ। ਇਸ 'ਚ ਪੜ੍ਹਾਉਣ ਵਾਲੇ ਅਧਿਆਪਕ ਪੰਜਾਬ ਤੋਂ ਹਨ ਜੋ ਵੱਖ-ਵੱਖ ਸਕੂਲਾਂ 'ਚ ਪੜ੍ਹਾ ਰਹੇ ਹਨ।

ਬੇਸ਼ੱਕ ਸੰਗਤਾਂ ਦਾ ਭਰਵਾਂ ਹੁੰਗਾਰਾ ਇਨ੍ਹਾਂ ਔਨ-




ਲਾਈਨ ਸਕੂਲਾਂ ਨੂੰ ਮਿਲ ਰਿਹਾ ਹੈ, ਪਰ ਸੇਵਾ ਵਾਲੀ ਗੱਲ ਇਹਨਾਂ ਸਕੂਲ ਪ੍ਰਬੰਧਕਾਂ ਦੀ ਦੂਰ-ਦੂਰ ਤਕ ਨਜ਼ਰੀ ਨਹੀਂ ਆਉਂਦੀ। ਹੁਣ ਤਕ ਉਹ ਸਕੂਲ ਤਕਰੀਬਨ 100 ਵੱਧ ਬੱਚਿਆਂ ਨੂੰ ਇਟਲੀ 'ਚ ਆਪਣੇ ਗੌਰਖ ਧੰਦੇ 'ਚ ਫ਼ਸਾ ਵੀ ਚੁੱਕੇ ਹਨ। ਇਨ੍ਹਾਂ ਸਕੂਲਾਂ 'ਚ ਇੱਕ ਬੱਚੇ ਦੀ ਇੱਕ ਮਹੀਨੇ ਦੀ ਫ਼ੀਸ 20 ਯੂਰੋ ਲਈ ਜਾਂਦੀ ਹੈ। ਬੱਚਿਆਂ ਦੀਆਂ ਕਲਾਸਾਂ ਗੂਗਲ ਦੀ ਮੀਟ ਐਪ ਰਾਹੀਂ ਵੱਖ-ਵੱਖ ਗਰੁੱਪ ਬਣਾ ਕੇ ਹਫ਼ਤੇ 'ਚ ਤਿੰਨ ਵਾਰ ਲਗਾਈਆਂ ਜਾਂਦੀਆਂ ਹਨ ਜੋ ਕਿ ਸੋਮਵਾਰ ਤੋਂ ਸ਼ਨੀਵਾਰ ਤਕ ਹੁੰਦੀਆਂ ਹਨ ਅਤੇ ਸਮਾਂ ਸ਼ਾਮ 4 ਵਜੇ ਤੋਂ 6 ਵਜੇ ਦੇ ਦਰਮਿਆਨ ਹੁੰਦਾ ਹੈ। ਅਜਿਹੇ ਸਕੂਲ ਬੇਸ਼ੱਕ ਬੱਚਿਆਂ ਨੂੰ ਪੜ੍ਹਾਈ ਪੱਖੋਂ ਕੋਈ ਖਾਸ ਫ਼ਾਇਦਾ ਨਾ ਦੇਣ ਪਰ ਪ੍ਰਬੰਧਕਾਂ ਦੀਆਂ ਜੇਬ੍ਹਾਂ ਨੂੰ ਕੋਈ ਕਸਰ ਨਹੀਂ ਛੱਡ ਰਹੇ। ਅਜਿਹੇ ਸਕੂਲਾਂ ਦੀ ਮਦਦ ਕਰਨ ਲਈ ਕੁੱਝ ਨਾਮੀ ਸੰਸਥਾਵਾਂ ਦੇ ਮੁਖੀ ਸੱਜਣਾਂ ਦੇ ਫ਼ੋਨ ਵੀ ਮੀਡੀਏ ਨੂੰ ਆ ਰਹੇ ਹਨ ਅਤੇ ਧਾਰਮਿਕ ਸਰਪ੍ਰਸਤੀ ਵੀ ਮਿਲ ਰਹੀ ਹੈ। ਜਿਨ੍ਹਾਂ ਗੁਰਦੁਆਰਾ ਸਾਹਿਬਾਨਾਂ ਵਿਖੇ ਇਨ੍ਹਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਉੱਥੇ ਪਹਿਲਾਂ ਹੀ ਪ੍ਰਬੰਧਕ ਕਮੇਟੀਆਂ ਵਲੋਂ ਬੱਚਿਆਂ ਨੂੰ ਪੜ੍ਹਾਉਣ ਦਾ ਪ੍ਰਬੰਧ ਹੈ।

# ਸਰਕਾਰ ਖ਼ਿਲਾਫ਼ ਸੜਕਾਂ 'ਤੇ ਉਤਰੇ ਮਕਬੂਜ਼ਾ ਕਸ਼ਮੀਰ ਦੇ ਲੋਕ ਪ੍ਰਧਾਨ ਮੰਤਰੀ ਮੋਦੀ ਤੋਂ ਮੰਗ ਰਹੇ ਨੇ ਮਦਦ

ਮੁਜ਼ੱਫ਼ਰਾਬਾਦ: ਮਕਬੂਜ਼ਾ ਕਸ਼ਮੀਰ 'ਚ ਲੋਕ ਪਾਕਿਸਤਾਨ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਸੜਕਾਂ 'ਤੇ ਉਤਰ ਰਹੇ ਹਨ। ਉਹ ਭਾਰਤ ਤੋਂ ਮਦਦ ਲਈ ਨਾਅਰੇ ਲਗਾ ਰਹੇ ਹਨ। ਉਹ ਕਹਿ ਰਹੇ ਹਨ, "ਮੋਦੀ ਨੂੰ ਆਖੋ ਸਾਨੂੰ ਪਾਕਿਸਤਾਨ ਦੇ 'ਨਾਜਾਇਜ਼ ਕਬਜ਼ੇ 'ਤੋਂ ਮੁਕਤੀ ਦਿਵਾਉਣ ਤੇ ਸਾਡੀਆਂ ਆਤਮਾਵਾਂ ਨੂੰ ਬਚਾਉਣ। ਅਸੀਂ ਭੁੱਖ ਨਾਲ ਮਰ ਰਹੇ ਹਾਂ। ਮਿਹਰਬਾਨੀ ਕਰ ਕੇ ਇੱਥੇ ਆਓ ਤੇ ਸਾਡੀ ਮਦਦ ਕਰੋ।"

ਮਕਬੂਜ਼ਾ ਕਸ਼ਮੀਰ 'ਚ ਖਾਣ-ਪੀਣ ਦੀਆਂ ਚੀਜ਼ਾਂ ਦੀ ਕਮੀ, ਬਿਜਲੀ ਅਤੇ ਪੈਟਰੋਲ ਸਣੇ ਹੋਰ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਨੇ ਜਿਊਣਾ ਮੁਹਾਲ ਕਰ ਦਿੱਤਾ ਹੈ। ਬਾਕੀ ਕਸਰ ਵੱਧਦੇ ਟੈਕਸਾਂ ਨੇ ਪੂਰੀ ਕਰ ਦਿੱਤੀ ਹੈ। ਇਸ ਨਾਲ ਉੱਥੇ ਰਹਿ ਰਹੇ ਲੋਕਾਂ ਦਾ ਪਾਕਿਸਤਾਨੀ ਹਾਕਮਾਂ ਖ਼ਿਲਾਫ਼ ਗੁੱਸਾ ਸਿਖਰਾਂ 'ਤੇ ਹੈ। ਜਨਤਕ ਕਾਰਕੁਨ ਸ਼ਬੀਰ ਚੌਧਰੀ ਨੇ ਉੱਥੇ ਰਹਿਣ ਵਾਲਿਆਂ ਦੀਆਂ ਚਿੰਤਾਵਾਂ ਪ੍ਰਗਟ ਕਰਦਿਆਂ ਇਲਾਕੇ 'ਚ ਹੋਏ ਵੱਡੇ ਪੱਧਰ 'ਤੇ ਵਿਰੋਧ ਮੁਜ਼ਾਹਰਿਆਂ ਦੀ ਉਦਾਹਰਣ ਦਿੱਤੀ ਹੈ। ਉਨ੍ਹਾਂ ਨੇ ਇੰਟਰਨੈੱਟ ਮੀਡੀਆ 'ਤੇ ਇੱਕ ਵੀਡੀਓ ਪੋਸਟ ਕਰ ਕੇ ਕਿਹਾ ਹੈ ਕਿ ਇੱਥੇ ਰਹਿਣ ਵਾਲੇ ਲੋਕ ਮਹਿੰਗਾਈ, ਲੋਡ ਸ਼ੈਡਿੰਗ, ਖ਼ੁਰਾਕੀ ਸੁੱਰਖਿਆ ਅਤੇ ਕਈ ਹੋਰ ਸੰਕਟਾਂ



ਦਰਮਿਆਨ ਨਾਜਾਇਜ਼ ਤੌਰ 'ਤੇ ਲਗਾਏ ਜਾਣ ਵਾਲੇ ਟੈਕਸਾਂ ਤੋਂ ਪਰੇਸ਼ਾਨ ਹਨ। ਲੋਕ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਤੋਂ ਮੁਕਤੀ ਦਿਵਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਦਦ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਇਸ ਗੱਲ ਤੋਂ ਪਰੇਸ਼ਾਨ ਹੈ। ਹੈਰਾਨੀਜਨਕ ਗੱਲ ਜਿਹੜੀ ਸੁਣਨ ਨੂੰ ਮਿਲੀ ਹੈ, ਉਹ ਇਹ ਹੈ ਕਿ ਮਕਬੂਜ਼ਾ ਕਸ਼ਮੀਰ ਕੰਟਰੋਲ ਲਾਈਨ ਦੇ ਨੇੜੇ ਰਹਿਣ ਵਾਲੇ ਲੋਕਾਂ ਨੇ ਨਾਅਰੇ ਲਗਾਏ ਹਨ ਕਿ ਮੋਦੀ ਨੂੰ ਕਹੋ ਕਿ ਸਾਨੂੰ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਤੋਂ ਆਜ਼ਾਦੀ ਦਿਵਾਉਣ।" ਅਸੀਂ ਭੁੱਖ ਨਾਲ ਮਰ ਰਹੇ ਹਾਂ।"

ਮਕਬੂਜ਼ਾ ਕਸ਼ਮੀਰ 'ਚ ਲੋਕਾਂ ਨੂੰ ਜ਼ਿਆਦਾ ਬਿਜਲੀ ਬਿੱਲ ਚੁਕਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਜਦਕਿ ਇਹ ਖੇਤਰ ਸਭ ਤੋਂ ਜ਼ਿਆਦਾ ਬਿਜਲੀ ਦਾ ਉਤਪਾਦਨ ਕਰਦਾ ਹੈ। ਨਕਦੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ 'ਚ ਬਿਜਲੀ ਦੀਆਂ ਕੀਮਤਾਂ ਪਿਛਲੇ ਤਿੰਨ ਮਹੀਨਿਆਂ 'ਚ ਦੁੱਗਣੀਆਂ ਹੋ ਗਈਆਂ ਹਨ। ਮਕਬੂਜ਼ਾ ਕਸ਼ਮੀਰ 'ਚ ਆਟੇ ਤੇ ਹੋਰਨਾਂ ਜ਼ਰੂਰੀ ਵਸਤੂਆਂ 'ਤੇ ਲੱਗਣ ਵਾਲੇ ਭਾਰੀ ਟੈਕਸ ਨਾਲ ਵੀ ਦੁੱਖਾਂ ਮਾਰੀ ਜਨਤਾ ਨੂੰ ਪਰੇਸ਼ਾਨੀ ਹੋ ਰਹੀ ਹੈ। ਇੱਥੇ ਰਹਿਣ ਵਾਲੇ ਲੋਕ ਪਿਛਲੇ ਕਈ ਦਹਾਕਿਆਂ ਤੋਂ ਪਾਕਿਸਤਾਨ ਦੇ ਮਾੜੇ ਸ਼ਾਸ਼ਨ ਤੋਂ ਦੁੱਖੀ ਹਨ। ਉਨ੍ਹਾਂ ਨੇ ਭਾਰਤ ਤੋਂ ਮਦਦ ਮੰਗੀ ਹੈ ਜਿਹੜਾ ਆਜ਼ਾਦੀ ਲਈ ਉਨ੍ਹਾਂ ਦੀ ਉਮੀਦ ਦੀ ਕਿਰਨ ਬਣ ਕੇ ਖੜ੍ਹਾ ਹੈ। ਪਾਕਿਸਤਾਨ ਸਰਕਾਰ ਨੇ ਹਮੇਸ਼ਾ ਇੱਥੇ ਰਹਿਣ ਵਾਲਿਆਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਰਗਾ ਸਲੂਕ ਕੀਤਾ ਹੈ।

# ਆਈ. ਸੀ. ਸੀ. ਵਨ ਡੇਅ ਰੈਂਕਿੰਗ 'ਚ ਫ਼ਿਰ ਤੋਂ ਚੋਟੀ 'ਤੇ ਪਹੁੰਚਿਆ ਆਸਟਰੇਲੀਆ




ਦੁਬਈ : ਆਸਟਰੇਲੀਆ ਨੇ ਦੱਖਣੀ ਅਫ਼ਰੀਕਾ ਵਿਰੁੱਧ ਪਹਿਲੇ 2 ਵਨ ਡੇਅ ਕੌਮਾਂਤਰੀ ਕ੍ਰਿਕਟ ਮੈਚਾਂ ਵਿੱਚ ਜਿੱਤ ਦਰਜ ਕਰ ਕੇ ਆਈ. ਸੀ. ਸੀ. ਵਨ ਡੇ ਰੈਂਕਿੰਗ ਵਿੱਚ ਪਾਕਿਸਤਾਨ ਦੀ ਜਗ੍ਹਾ ਫ਼ਿਰ ਤੋਂ ਨੰਬਰ ਇਕ ਰੈਂਕਿੰਗ ਹਾਸਲ ਕਰ ਲਈ ਹੈ। ਦੂਜੇ ਵਨ ਡੇ 'ਚ ਜਿੱਤ ਨਾਲ ਆਸਟਰੇਲੀਆ ਦੇ ਕੁੱਲ 121 ਰੇਟਿੰਗ ਅੰਕ ਹੋ ਗਏ ਹਨ ਤੇ ਉਸ ਨੇ ਪਾਕਿਸਤਾਨ ਨੂੰ ਇੱਕ ਰੇਟਿੰਗ ਅੰਕ ਨਾਲ ਪਿੱਛੇ ਛੱਡ ਦਿੱਤਾ ਹੈ।

ਭਾਰਤ 114 ਰੇਟਿੰਗ ਅੰਕਾਂ ਨਾਲ ਆਈ. ਸੀ. ਸੀ. ਰੈਂਕਿੰਗ 'ਚ ਤੀਜੇ ਸਥਾਨ 'ਤੇ ਹੈ। ਪਿਛਲੇ ਸਾਲ ਉਤਰਾਅ-ਚੜ੍ਹਾਅ ਵਾਲੀ ਮੁਹਿੰਮ ਤੋਂ ਬਾਅਦ ਆਸਟਰੇਲੀਆ ਨੇ ਵਨ ਡੇਅ ਰੈਂਕਿੰਗ 'ਚ ਆਪਣਾ ਚੋਟੀ ਦਾ ਸਥਾਨ ਗੁਆ ਦਿੱਤਾ ਸੀ। ਉਸ ਨੂੰ 2022 ਵਿੱਚ ਸ਼੍ਰੀਲੰਕਾ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਤੇ ਜ਼ਿੰਬਾਬਵੇ ਨੇ ਵੀ ਉਸ ਨੂੰ ਇੱਕ ਮੈਚ ਵਿੱਚ ਹਰਾਇਆ ਸੀ। ਆਸਟਰੇਲੀਆ ਨੇ ਹਾਲਾਂਕਿ ਇਸ ਤੋਂ ਬਾਅਦ ਨਿਊ ਜ਼ੀਲੈਂਡ ਤੇ ਇੰਗਲੈਂਡ ਨੂੰ 3-0 ਦੇ ਬਰਾਬਰ ਫ਼ਰਕ ਨਾਲ ਹਰਾਇਆ। ਇਸ ਤੋਂ ਬਾਅਦ ਉਸ ਨੇ ਮਾਰਚ 2023 ਵਿੱਚ ਭਾਰਤ ਨੂੰ ਉਸ ਦੀ ਧਰਤੀ 'ਤੇ ਹਰਾਇਆ ਤੇ ਹੁਣ ਦੱਖਣੀ ਅਫ਼ਰੀਕਾ ਵਿਰੁੱਧ ਪਹਿਲੇ ਦੋ ਮੈਚਾਂ ਵਿੱਚ ਜਿੱਤ ਦਰਜ ਕੀਤੀ। ਪਾਕਿਸਤਾਨ ਅਜੇ ਏਸ਼ੀਆ ਕੱਪ ਵਿੱਚ ਖੇਡ ਰਿਹਾ ਹੈ ਤੇ ਅਜਿਹੇ ਵਿੱਚ ਸਮੀਕਰਨ ਬਦਲ ਵੀ ਸਕਦੇ ਹਨ।

## 2.8 ਕਰੋੜ ਦਰਸ਼ਕਾਂ ਨੇ ਔਨਲਾਈਨ ਦੇਖਿਆ ਵਿਰਾਟ ਕੋਹਲੀ ਦਾ ਸੈਂਕੜਾ, ਜੈ ਸ਼ਾਹ ਨੇ ਕੀਤਾ ਟਵੀਟ




ਕੋਲੰਬੋ : ਭਾਰਤ ਅਤੇ ਪਾਕਿਸਤਾਨ ਵਿੱਚਾਲੇ ਜਦੋਂ ਵੀ ਕ੍ਰਿਕਟ ਮੈਚ ਹੁੰਦਾ ਹੈ ਤਾਂ ਕਈ ਵੱਡੇ ਰਿਕਾਰਡ ਆਪਣੇ-ਆਪ ਬਣ ਜਾਂਦੇ ਹਨ। ਅਜਿਹਾ ਹੀ ਅਨੋਖਾ ਰਿਕਾਰਡ ਵਿਰਾਟ ਕੋਹਲੀ ਨੇ ਵੀ ਬਣਾਇਆ ਹੈ। ਵਿਰਾਟ ਕੋਹਲੀ ਇੱਕ ਵਾਰ ਫ਼ਿਰ ਏਸ਼ੀਆ ਕੱਪ ਵਿੱਚ ਸੈਂਕੜਾ ਲਗਾਉਣ 'ਚ ਕਾਮਯਾਬ ਰਹੇ। ਵਿਰਾਟ ਨੇ 94 ਗੇਂਦਾਂ 'ਤੇ 122 ਦੌੜਾਂ ਬਣਾਈਆਂ ਅਤੇ ਟੀਮ ਦਾ ਸਕੋਰ 356 ਤਕ ਪਹੁੰਚਾਇਆ।

ਜਿਵੇਂ ਹੀ ਕੋਹਲੀ ਆਪਣੇ ਸੈਂਕੜੇ ਦੇ ਨੇੜੇ ਪਹੁੰਚਿਆ, ਭਾਰਤ ਅਤੇ ਇਸ ਤੋਂ ਬਾਹਰ ਦੇ ਪ੍ਰਸ਼ੰਸਕ ਆਪਣੀਆਂ ਸਕ੍ਰੀਨਾਂ 'ਤੇ ਚਿਪਕ ਗਏ। ਜਦੋਂ ਕੋਹਲੀ ਨੇ ਆਪਣਾ ਸੈਂਕੜਾ ਪੂਰਾ ਕੀਤਾ ਤਾਂ ਸਟ੍ਰੀਮਿੰਗ ਪਲੇਟਫ਼ਾਰਮ ਹੌਟਸਟਾਰ 'ਤੇ ਦਰਸ਼ਕਾਂ ਦੀ ਗਿਣਤੀ 2.8 ਕਰੋੜ ਤਕ ਪਹੁੰਚ ਗਈ। ਇਸ ਪਲ ਨੇ ਨਾ ਸਿਰਫ਼ ਕੋਹਲੀ ਦੀ ਲੋਕਪ੍ਰਿਯਤਾ ਨੂੰ ਉਜਾਗਰ ਕੀਤਾ, ਬਲਕਿ ਭਾਰਤ ਵਿੱਚ ਡਿਜੀਟਲ ਸਟ੍ਰੀਮਿੰਗ ਦੇ ਇਤਿਹਾਸ ਵਿੱਚ ਇੱਕ ਨਵਾਂ ਰਿਕਾਰਡ ਵੀ ਬਣਾ ਦਿੱਤਾ। ਇਹ ਡਿਜੀਟਲ ਸਟ੍ਰੀਮਿੰਗ ਵਿੱਚ ਹੁਣ ਤਕ ਦਾ ਸਭ ਤੋਂ ਵੱਡਾ ਰਿਕਾਰਡ ਸੀ ਕਿ ਇੰਨੀ ਵੱਡੀ ਗਿਣਤੀ ਵਿੱਚ ਪ੍ਰਸ਼ੰਸਕਾਂ ਨੇ ਵਿਰਾਟ ਕੋਹਲੀ ਦੇ ਸੈਂਕੜੇ ਨੂੰ ਇੱਕਠੇ ਦੇਖਿਆ। ਬੀ.ਸੀ.ਸੀ.ਆਈ. ਸਕੱਤਰ ਜੈ ਸ਼ਾਹ ਨੇ ਇਸ ਵਿਲੱਖਣ ਅੰਕੜੇ ਨੂੰ ਹਾਸਲ ਕਰਨ 'ਤੇ ਇੱਕ ਵਿਸ਼ੇਸ਼ ਟਵੀਟ ਕੀਤਾ। ਉਨ੍ਹਾਂ ਲਿਖਿਆ- ਅੱਜ ਦੇ #□□□□□□□□ ਮੈਚ ਨੂੰ 2.8 ਕਰੋੜ ਪ੍ਰਸ਼ੰਸਕਾਂ ਨੇ ਆਨਲਾਈਨ ਦੇਖਿਆ। @disneyplushs। ਇਹ ਡਿਜੀਟਲ ਇਤਿਹਾਸ ਵਿੱਚ ਕਿਸੇ ਵੀ ਭਾਰਤੀ ਮੈਚ ਲਈ ਸਭ ਤੋਂ ਵੱਧ ਅੰਕੜਾ ਹੈ।

## ਵਿਸ਼ਵ ਕੱਪ ਦੇ ਲਈ ਸਚਿਨ ਨੂੰ ਮਿਲਿਆ ਗੋਲਡਨ ਟਿਕਟ, 2339 ਨੇ ਜੈ ਸ਼ੰਕਰ ਨਾਲ ਸਾਂਝੀ ਕੀਤੀ ਤਸਵੀਰ

ਨਵੀਂ ਦਿੱਲੀ : ਵਿਸ਼ਵ ਕੱਪ 2023 ਦਾ ਆਯੋਜਨ ਭਾਰਤ ਵਿੱਚ 5 ਅਕਤੂਬਰ ਤੋਂ ਹੋਣਾ ਹੈ। ਇਸ ਦੇ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਵਿਸ਼ੇਸ਼ ਪਹਿਲ ਕੀਤੀ ਹੈ। ਬੋਰਡ ਨੇ ਭਾਰਤ ਦੇ ਆਈਕਨਜ਼ ਨੂੰ ਵਿਸ਼ੇਸ਼ ਟਿਕਟਾਂ ਦੇਣ ਦੀ ਯੋਜਨਾ ਬਣਾਈ ਹੈ। ਇਸ ਨੂੰ 'ਗੋਲਡਨ ਟਿਕਟ ਫ਼ੌਰ ਇੰਡੀਆ ਆਈਕਨਜ਼' ਦਾ ਨਾਂ ਦਿੱਤਾ ਗਿਆ ਹੈ। ਇਸ ਤਹਿਤ ਪਹਿਲੀ ਗੋਲਡਨ ਟਿਕਟ ਬੌਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਨੂੰ ਦਿੱਤੀ ਗਈ। ਹੁਣ ਸਚਿਨ ਤੇਂਦੁਲਕਰ ਨੂੰ ਵੀ ਇਹ ਦਰਅਸਲ ਬੀ.ਸੀ.ਸੀ.ਆਈ. ਨੇ ਐਕਸ (ਟਵਿੱਟਰ) 'ਤੇ ਇੱਕ ਪੋਸਟ ਸਾਂਝੀ ਕੀਤੀ ਹੈ। ਇਸ 'ਚ ਸਚਿਨ ਨਾਲ ਜੈ ਸ਼ਾਹ ਨਜ਼ਰ ਆ ਰਹੇ ਹਨ। ਜੈ ਸ਼ਾਹ ਨੇ ਸਚਿਨ ਨੂੰ ਗੋਲਡਨ ਟਿਕਟ ਦਿੱਤੀ ਹੈ। ਬੀ.ਸੀ.ਸੀ.ਆਈ. ਨੇ ਕੈਪਸ਼ਨ ਵਿੱਚ ਲਿਖਿਆ, ਦੇਸ਼ ਅਤੇ ਕ੍ਰਿਕਟ ਲਈ ਖ਼ਾਸ ਪਲ। ਗੋਲਡਨ ਟਿਕਟ ਫ਼ੌਰ ਇੰਡੀਆ ਆਈਕਨਜ਼ ਪ੍ਰੋਗਰਾਮ ਦੇ ਤਹਿਤ, ਬੀ.ਸੀ.ਸੀ.ਆਈ. ਦੇ ਸਚਿਨ ਜੈ ਸ਼ਾਹ ਨੇ ਭਾਰਤ ਰਤਨ ਸ਼੍ਰੀ ਸਚਿਨ ਤੇਂਦੁਲਕਰ ਨੂੰ ਗੋਲਡਨ ਟਿਕਟ ਭੇਟ ਕੀਤੀ।



ਬੀ.ਸੀ.ਸੀ.ਆਈ ਨੇ ਇਸ ਤੋਂ ਪਹਿਲਾਂ ਅਮਿਤਾਭ ਬੱਚਨ ਨੂੰ ਵੀ ਗੋਲਡਨ ਟਿਕਟ ਦਿੱਤੀ ਸੀ। ਵਿਸ਼ਵ ਕੱਪ 2023 ਦਾ ਆਯੋਜਨ ਭਾਰਤ ਵਿੱਚ ਹੋਵੇਗਾ। ਇਸ ਦਾ ਪਹਿਲਾ ਮੈਚ 5 ਅਕਤੂਬਰ ਨੂੰ ਇੰਗਲੈਂਡ ਅਤੇ ਨਿਊ ਜ਼ੀਲੈਂਡ ਵਿੱਚਾਲੇ ਖੇਡਿਆ ਜਾਵੇਗਾ। ਟੀਮ ਇੰਡੀਆ ਦਾ ਪਹਿਲਾ ਮੈਚ ਆਸਟ੍ਰੇਲੀਆ ਨਾਲ ਹੈ। ਇਹ ਮੈਚ 8 ਅਕਤੂਬਰ ਨੂੰ ਚੇਨੱਈ 'ਚ ਹੋਵੇਗਾ। ਇਸ ਦੇ ਨਾਲ ਹੀ ਭਾਰਤ ਅਤੇ ਪਾਕਿਸਤਾਨ ਵਿੱਚਾਲੇ 14 ਅਕਤੂਬਰ ਨੂੰ ਅਹਿਮਦਾਬਾਦ 'ਚ ਮੈਚ ਖੇਡਿਆ ਜਾਵੇਗਾ। ਟੂਰਨਾਮੈਂਟ ਦਾ ਫ਼ਾਈਨਲ ਮੈਚ 19 ਨਵੰਬਰ ਨੂੰ ਖੇਡਿਆ ਜਾਵੇਗਾ।

# ਸੈਮਸਨ ਨੂੰ ਵਿਸ਼ਵ ਕੱਪ ਟੀਮ 'ਚ ਜਗ੍ਹਾ ਨਾ ਮਿਲਣ 'ਤੇ ਬੋਲੇ ਡਿਵਿਲੀਅਰਸ

ਜੋਹਾਨਸਬਰਗ : ਸੰਜੂ ਸੈਮਸਨ ਨੂੰ ਕ੍ਰਿਕਟ ਵਿਸ਼ਵ ਕੱਪ 2023 ਲਈ ਭਾਰਤੀ ਟੀਮ 'ਚ ਜਗ੍ਹਾ ਨਹੀਂ ਮਿਲੀ ਹੈ। ਸੈਮਸਨ ਨੂੰ ਵਿਸ਼ਵ ਕੱਪ ਟੀਮ 'ਚ ਸ਼ਾਮਲ ਨਾ ਕੀਤੇ ਜਾਣ 'ਤੇ ਆਪਣੀ ਰਾਏ ਜ਼ਾਹਿਰ ਕਰਦੇ ਹੋਏ ਡਿਵਿਲੀਅਰਸ ਨੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਕੀ ਕਰਨ ਦੇ ਸਮਰੱਥ ਹੈ।

ਡਿਵਿਲੀਅਰਸ ਨੇ ਕਿਹਾ, ਮੈਨੂੰ ਉਸ ਬਾਰੇ ਜ਼ਿਆਦਾ ਕਹਿਣ ਦੀ ਲੋੜ ਨਹੀਂ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਉਹ ਕੀ ਕਰਨ ਦੇ ਸਮਰੱਥ ਹੈ। ਉਸ ਨੇ ਕਿਹਾ, ਉਸ ਕੋਲ ਬੱਲੇਬਾਜ਼ੀ ਲਈ ਸਭ ਕੁੱਝ ਹੈ। ਇਹ ਸਭ ਦਿਮਾਗ ਵਿੱਚ ਹੈ ਅਤੇ ਇਹ ਵਨਡੇ, ਯੋਜਨਾਬੰਦੀ, ਵਿਸ਼ਵ ਕੱਪ ਅਤੇ ਦਬਾਅ ਦੇ ਅਨੁਕੂਲ ਹੋਣ ਬਾਰੇ ਹੈ।

ਭਾਰਤੀ ਟੀਮ ਘਰੇਲੂ ਮੈਦਾਨਾਂ 'ਤੇ ਵਿਸ਼ਵ ਕੱਪ ਖੇਡੇਗੀ, ਜਿਸ ਨਾਲ ਉਸ 'ਤੇ ਕਾਫ਼ੀ ਦਬਾਅ ਹੋਵੇਗਾ, ਇਸ 'ਤੇ ਰੋਹਿਤ ਸ਼ਰਮਾ ਐਂਡ ਕੰਪਨੀ ਲਈ ਡਿਵਿਲੀਅਰਸ ਦਾ ਮੰਤਰ ਦਲੇਰੀ ਨਾਲ ਖੇਡਣਾ ਅਤੇ 2011 ਦੀ ਸਫ਼ਲਤਾ ਨੂੰ ਦੁਹਰਾਉਣਾ ਹੈ। ਉਸ ਨੇ ਕਿਹਾ, ਭਾਰਤੀ ਟੀਮ ਸ਼ਾਨਦਾਰ ਹੈ, ਅਸਲ ਵਿੱਚ ਮਜ਼ਬੂਤ ਹੈ। ਭਾਰਤ ਲਈ ਮੇਰੀ ਚਿੰਤਾ ਸਿਰਫ਼



ਆਪਣੀ ਹੀ ਧਰਤੀ 'ਤੇ ਖੇਡਣਾ ਹੈ। ਉਨ੍ਹਾਂ ਨੇ ਭਾਰਤ ਵਿੱਚ ਖੇਡਦਿਆਂ ਖ਼ਿਤਾਬ ਜਿੱਤੇ ਹਨ। ਪਰ ਉਨ੍ਹਾਂ 'ਤੇ ਬਹੁਤ ਦਬਾਅ ਹੋਵੇਗਾ।

ਡਿਵਿਲੀਅਰਸ ਨੇ ਕਿਹਾ, ਪਰ ਉਹ ਇਸ ਨਾਲ ਨਜਿੱਠ ਸਕਦੇ ਹਨ, ਮੈਨੂੰ ਇਸ 'ਚ ਕੋਈ ਦਿੱਕਤ ਨਹੀਂ ਦਿਖਾਈ ਦਿੰਦੀ। ਜੋ ਵੀ ਤੁਸੀਂ ਕਾਬੂ ਕਰ ਸਕਦੇ ਹੋ, ਉਹ ਕਰੋ। ਪਰ ਦਲੇਰੀ ਨਾਲ ਖੇਡੋ। ਭਾਰਤੀ ਟੀਮ ਆਪਣੀ ਵਿਸ਼ਵ ਕੱਪ ਮੁਹਿੰਮ ਦੀ ਸ਼ੁਰੂਆਤ 8 ਅਕਤੂਬਰ ਨੂੰ ਆਸਟਰੇਲੀਆ ਖ਼ਿਲਾਫ਼ ਕਰੇਗੀ।

# ਧੰਨੁ-ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ। ਆਪ ਜੀ ਵੱਲੋਂ ਗੁਰੂ ਨਾਨਕ ਸਾਹਿਬ ਦੇ ਉਸਾਰੇ ਸਿੱਖੀ ਦੇ ਮਹਿਲ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਜੀਵਨ-ਕਾਲ ਦੌਰਾਨ ਪਾਇਆ ਯੋਗਦਾਨ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ। ਆਪ ਜੀ ਨੇ ਆਪਣੇ ਪਵਿੱਤਰ ਵਿਹਾਰਕ ਜੀਵਨ ਰਾਹੀਂ ਜੋ ਕਾਰਜ ਕੀਤੇ ਉਹ ਸਿੱਖੀ ਜੀਵਨ ਦਾ ਆਦਰਸ਼ ਬਣ ਕੇ ਸਾਹਮਣੇ ਆਏ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਗੁਰਿਆਈ ਅਤੇ ਗੁਰਿਆਈ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ, ਡੂੰਘੇ ਅਧਿਐਨ ਦਾ ਵਿਸ਼ਾ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਨਿਮਰਤਾ, ਨਿਰਮਾਣਤਾ, ਸਬਰ-ਸੰਤੋਖ, ਸੇਵਾ, ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਆਦਿ ਅਨੇਕਾਂ ਹੀ ਗੁਣਾਂ ਕਾਰਨ ਉਨ੍ਹਾਂ ਨੂੰ ਗੁਰਿਆਈ ਦੀ ਦਾਤ ਬਖਸ਼ੀ ਜਿਸ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ ਸਾਹਿਬ ਦੀ ਇਲਾਹੀ ਜੋਤ ਦੇ ਧਾਰਨੀ ਬਣੇ।

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਰਾਵੀ ਦਰਿਆ ਦੇ ਕੰਢੇ ਵੱਸੇ ਲਾਹੌਰ ਸ਼ਹਿਰ (ਪਾਕਿਸਤਾਨ) ਵਿਚ 24 ਸਤੰਬਰ, 1534 ਈ. ਨੂੰ ਭਾਈ ਹਰਿਦਾਸ ਜੀ ਸੋਢੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਚੂਨੀ ਮੰਡੀ ਦੇ ਇਲਾਕੇ ਵਿਚ ਹੋਇਆ। ਘਰ ਵਿਚ ਪਹਿਲੀ ਸੰਤਾਨ ਹੋਣ ਕਰਕੇ ਆਪ ਜੀ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ। ਸੋਢੀ ਵੰਸ਼ ਦੇ ਬਹੁਤ ਸਾਰੇ ਪਰਿਵਾਰ ਉਸ ਸਮੇਂ ਕਈਆਂ ਸਥਾਨਾਂ ਤੋਂ ਲਾਹੌਰ ਆ ਕੇ ਵੱਸੇ ਹੋਏ ਸਨ। ਭਾਈ ਜੇਠਾ ਜੀ ਹਾਲੇ ਕੋਈ ਸੱਤ ਕੁ ਸਾਲ ਦੀ ਉਮਰ ਦੇ ਹੀ ਸਨ ਕਿ ਆਪ ਜੀ ਦੇ ਮਾਤਾ ਤੇ ਪਿਤਾ ਜੀ ਚਲਾਣਾ ਕਰ ਗਏ। ਜਿਸ ਕਾਰਨ ਆਪ ਜੀ ਦੇ ਨਾਨੀ ਜੀ ਜੋ ਕਿ ਬਾਸਰਕੇ ਪਿੰਡ ਵਿਖੇ ਰਹਿੰਦੇ ਸਨ, ਆਪ ਜੀ ਕੋਲ ਲਾਹੌਰ ਆ ਗਏ। ਮਾਤਾ-ਪਿਤਾ ਦੇ ਗੁਜ਼ਰ ਜਾਣ ਪਿੱਛੋਂ ਦਾਦਕੇ ਪਰਿਵਾਰ ਅਤੇ ਰਿਸ਼ਤੇਦਾਰੀ ਵਿੱਚੋਂ ਆਪ ਜੀ ਦੇ ਪਾਲਣ-ਪੋਸ਼ਣ ਅਤੇ ਦੇਖਭਾਲ ਲਈ ਕੋਈ ਵੀ ਅੱਗੇ ਨਾ ਆਇਆ, ਪਰ ਉਸ ਸਮੇਂ ਇਹ ਕੌਣ ਜਾਣਦਾ ਸੀ ਕਿ ਯਤੀਮ ਹੋਇਆ ਇਹ ਬਾਲਕ (ਭਾਈ ਜੇਠਾ ਜੀ) ਆਪਣੇ ਗੁਣਾਂ ਕਰਕੇ 'ਸੋਢੀ ਪਾਤਸ਼ਾਹ' ਕਹਾਵੇਗਾ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤ ਦਾ ਧਾਰਨੀ ਬਣ ਕੇ ਕੁੱਲ ਲੋਕਾਈ ਦਾ ਆਸਰਾ ਬਣੇਗਾ। ਜਦ ਕਿਸੇ ਵੀ ਰਿਸ਼ਤੇਦਾਰ ਨੇ ਭਾਈ ਜੇਠਾ ਜੀ ਦੀ ਜ਼ਿੰਮੇਵਾਰੀ ਨਾ ਚੁੱਕੀ ਤਾਂ ਆਪ ਦੀ ਨਾਨੀ ਆਪ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇੱਥੇ ਬਾਸਰਕੇ ਵਿਖੇ ਰਹਿੰਦਿਆਂ ਹੋਇਆਂ ਆਪ ਨੇ ਘੁੰਗਣੀਆਂ ਵੇਚਣ ਦੀ ਕਿਰਤ ਅਰੰਭ ਕਰ ਦਿੱਤੀ। ਆਪ ਜੀ ਥੱਕੇ-ਟੁੱਟੇ ਰਾਹੀਆਂ ਨੂੰ ਘੁੰਗਣੀਆਂ ਵੇਚਦੇ ਅਤੇ ਲੋੜਵੰਦਾਂ ਨੂੰ ਬਿਨਾ ਕੋਈ ਪੈਸਾ ਲਏ ਵੀ ਛਕਾ ਦਿੰਦੇ। ਭਾਈ ਜੇਠਾ ਜੀ ਆਪਣੇ ਜਿਸ ਨਾਨਕੇ ਪਿੰਡ ਬਾਸਰਕੇ ਵਿਖੇ ਰਹਿ ਕੇ ਘੁੰਗਣੀਆਂ ਵੇਚਣ ਦੀ ਕਿਰਤ ਕਰਦੇ ਸਨ, ਉਹੀ ਪਿੰਡ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ-ਅਸਥਾਨ ਵੀ ਸੀ। ਜਦੋਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਂ ਗਏ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣਾ ਪੱਕਾ ਵਸੇਬਾ ਸ੍ਰੀ ਗੋਇੰਦਵਾਲ ਸਾਹਿਬ ਕਰ ਲਿਆ। ਗੋਇੰਦਵਾਲ ਸਾਹਿਬ ਨਗਰ ਦੀ ਵਡਿਆਈ ਦੂਰ-ਦੂਰ ਤਕ ਫੈਲ ਚੁੱਕੀ ਸੀ। ਸੰਗਤਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਦੂਰੋਂ ਦੂਰੋਂ ਗੋਇੰਦਵਾਲ ਸਾਹਿਬ ਆਉਣ ਲੱਗੀਆਂ। ਇਕ ਦਿਨ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਬਾਸਰਕੇ ਤੋਂ ਸੰਗਤਾਂ ਦੇ ਨਾਲ ਗੁਰੂ ਜੀ ਦੇ ਦਰਬਾਰ ਵੱਲ ਤੁਰ ਪਏ। ਸੰਗਤ ਨਾਲ ਆਏ ਭਾਈ ਜੇਠਾ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਰਹਿਣ ਦਾ ਪੱਕਾ ਵਿਚਾਰ ਬਣਾ ਲਿਆ। ਭਾਈ ਜੇਠਾ ਜੀ ਗੋਇੰਦਵਾਲ ਸਾਹਿਬ ਵਿਖੇ ਰਹਿੰਦਿਆਂ ਹੋਇਆਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਸੰਗਤਾਂ ਦੀ ਸੇਵਾ ਵਿਚ ਜੁੱਟ ਗਏ। ਇੱਥੇ ਸੰਗਤ ਦੀ ਸੇਵਾ ਕਰ ਕੇ ਵੀ ਆਪ ਜੀ ਨੇ ਆਪਣੇ ਗੁਜ਼ਾਰਾ ਕਿਰਤ ਕਰ ਕੇ ਭਾਵ ਘੁੰਗਣੀਆਂ ਵੇਚ ਕੇ ਹੀ ਕੀਤਾ।

ਸ੍ਰੀ ਗੁਰੂ ਅਮਰਦਾਸ ਜੀ ਦੀਆਂ ਦੋ ਸਪੁੱਤਰੀਆਂ ਸਨ। ਵੱਡੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋ ਗਿਆ ਸੀ ਜਦਕਿ ਛੋਟੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਅਜੇ ਹੋਣਾ ਸੀ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪਤਨੀ ਮਾਤਾ ਰਾਮ ਕੌਰ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਬੀਬੀ ਭਾਨੀ ਜੀ ਦੇ ਵਿਆਹ ਦਾ ਜ਼ਿਕਰ ਕੀਤਾ ਤਾਂ ਉਸ ਸਮੇਂ ਮਾਤਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਛਣ 'ਤੇ ਭਾਈ ਜੇਠਾ ਜੀ ਦੀ ਸ਼ਖ਼ਸੀਅਤ ਵਰਗਾ ਵਰ ਲੱਭਣ ਲਈ ਆਖਿਆ। ਸ੍ਰੀ ਗੁਰੂ ਅਮਰਦਾਸ ਜੀ ਤਾਂ ਭਾਈ ਜੇਠਾ ਜੀ ਦੀ ਸ਼ਖ਼ਸੀਅਤ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਿਤ ਸਨ। ਭਾਈ ਜੇਠਾ ਜੀ ਦੀ ਅਦੁੱਤੀ ਸੇਵਾ ਅਤੇ ਨਿਮਰਤਾ ਭਾਵਨਾ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪਹਿਲਾਂ ਤੋਂ ਹੀ ਮੋਹਿਆ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਅੰਦਰ ਗੁਣਾਂ ਦਾ ਖਜ਼ਾਨਾ ਹੋਣ ਕਾਰਨ ਉਨ੍ਹਾਂ ਨੂੰ ਹੀ ਬੀਬੀ ਭਾਨੀ ਜੀ ਵਾਸਤੇ ਯੋਗ ਵਰ ਚੁਣ ਲਿਆ ਅਤੇ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਭਾਈ ਜੇਠਾ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖ ਤੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਹੋਇਆ। ਜਿਨ੍ਹਾਂ ਦੇ ਨਾਂ ਪ੍ਰਿਥੀ ਚੰਦ, ਮਹਾਂਦੇਵ, ਅਤੇ ਸ੍ਰੀ (ਗੁਰੂ) ਅਰਜਨ ਦੇਵ ਰੱਖੇ ਗਏ।

ਭਾਈ ਜੇਠਾ ਜੀ ਵਿਆਹ ਤੋਂ ਬਾਅਦ ਵੀ ਤਨ ਅਤੇ ਮਨ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਲੱਗੇ ਰਹੇ। ਗੁਰੂ ਜੀ ਦੀ ਸੇਵਾ ਦੇ ਨਾਲ-ਨਾਲ ਉਹ ਸਾਧ-ਸੰਗਤ ਦੀ ਵੀ ਅਥਾਹ ਸੇਵਾ ਕਰਦੇ। ਭਾਈ ਜੇਠਾ ਜੀ ਗੁਰੂ ਜੀ ਨਾਲ ਸੰਸਾਰਕ ਰਿਸ਼ਤੇਦਾਰੀ ਤੋਂ ਉਚੇਰੇ ਉੱਠ ਕੇ ਗੁਰੂ ਅਤੇ ਗੁਰੂ-ਘਰ ਦੀ ਸੇਵਾ-ਘਾਲ ਵਿਚ ਨਿਰੰਤਰ ਜੁਟੇ ਰਹਿੰਦੇ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੀ ਅਣਥੱਕ ਸੇਵਾ ਵੇਖ ਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਗੋਇੰਦਵਾਲ ਸਾਹਿਬ ਵਿਖੇ ਜਦ ਸ੍ਰੀ ਗੁਰੂ ਅਮਰਦਾਸ ਜੀ ਨੇ 'ਬਾਉਲੀ' ਦੇ ਨਿਰਮਾਣ ਦੀ ਤਿਆਰੀ ਅਰੰਭੀ ਤਾਂ ਭਾਈ ਜੇਠਾ ਨੇ ਇਸ ਦਾ ਸਾਰਾ ਕਾਰਜ ਸੰਭਾਲਿਆ। ਭਾਈ ਜੇਠਾ ਜੀ ਕਾਰ-ਸੇਵਾ ਕਰਦੀਆਂ ਸੰਗਤਾਂ ਦੇ ਨਾਲ ਖੁਦ ਟੋਕਰੀ ਢੋਇਆ ਕਰਦੇ ਸਨ। ਇਹ ਦੇਖ ਕੇ ਲਾਹੌਰ ਆਏ ਭਾਈ ਜੇਠਾ ਜੀ ਦੇ ਸ਼ਰੀਕੇ ਦੇ ਕੁਝ ਸੱਜਣ ਉਨ੍ਹਾਂ ਨੂੰ ਸਹੁਰੇ-ਘਰ ਟੋਕਰੀ ਢੋਂਦਿਆਂ ਦੇਖ ਕੇ ਬੁਰਾ ਮਨਾਉਣ ਲੱਗੇ ਤਾਂ ਭਾਈ ਜੇਠਾ ਜੀ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਾ ਦਿੰਦੇ ਹੋਏ ਗੁਰੂ ਪ੍ਰਤੀ ਆਪਣੀ ਅਥਾਹ ਸ਼ਰਧਾ-ਭਾਵਨਾ ਪ੍ਰਗਟ ਕੀਤੀ ਜੋ ਕਿ ਅਤਿ ਦੀ ਨਿਮਰਤਾ ਦੀ ਮਿਸਾਲ ਹੈ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਾ ਜੀ ਅਤੇ ਭਾਈ ਜੇਠਾ ਜੀ ਦੀ 'ਥੜ੍ਹੇ' ਬਣਾਉਣ ਦੀ ਪ੍ਰੀਖਿਆ ਲਈ ਜਿਸ ਵਿਚ ਭਾਈ ਜੇਠਾ ਜੀ ਸ਼ਰਧਾ, ਗੁਰੂ-ਪ੍ਰੇਮ, ਸਿਦਕ, ਆਪਾ ਭਾਵ ਦੀ ਨਿਵਿਰਤੀ ਅਤੇ ਬਿਨਾ ਕਿਸੇ ਕਿੰਤੂ-ਪ੍ਰੰਤੂ ਕੀਤਿਆਂ ਆਗਿਆਕਾਰਤਾ ਦੇ ਸਬੂਤ ਨਾਲ ਸਫਲ ਰਹੇ। ਸ੍ਰੀ ਗੁਰੂ ਅਮਰਦਾਸ ਜੀ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਉਨ੍ਹਾਂ ਤੋਂ ਮਗਰੋਂ ਗੁਰਤਾ ਦੀ ਜ਼ਿੰਮੇਵਾਰੀਆਂ ਭਾਈ ਜੇਠਾ ਹੀ ਗੁਰਤਾ ਦੇ ਯੋਗ ਹਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸੱਚਖੰਡ ਵਾਪਸੀ ਸਮੇਂ ਭਾਈ ਜੇਠਾ ਜੀ ਨੂੰ 1 ਸਤੰਬਰ, 1574 ਈ. ਨੂੰ ਗੁਰਗੱਦੀ ਬਖਸ਼ ਕੇ ਭਾਈ ਜੇਠਾ ਤੋਂ ਸ੍ਰੀ ਗੁਰੂ ਰਾਮਦਾਸ ਬਣਾ ਦਿੱਤਾ। ਸਾਰੀ ਸੰਗਤ ਤੇ ਮੁਖੀਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ। ਸਾਰਿਆਂ ਨੇ ਨਮਸਕਾਰ ਕੀਤੀ।

ਇਸ ਤਰ੍ਹਾਂ ਆਪਣੇ ਗੁਣਾਂ, ਅਕਾਲ ਪੁਰਖ ਦੀ ਕਿਰਪਾਲਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਦਿਆਲਤਾ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਦਾਤ ਮਿਲੀ। ਭਾਈ ਸਤਾ ਤੇ ਬਲਵਡਿ ਜੀ ਆਪ ਜੀ ਦੀ ਵਡਿਆਈ ਇਸ ਤਰ੍ਹਾਂ ਕਰਦੇ ਹਨ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ (ਪੰਨਾ 968)

ਜੋਤੀ ਜੋਤ ਸਮਾਉਣ ਤੋਂ ਕੁਝ ਵਰ੍ਹੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਥਾਂ ਹੁਣ ਸ੍ਰੀ ਅੰਮ੍ਰਿਤਸਰ ਹੈ, ਵਾਲੇ ਸਥਾਨ 'ਤੇ ਸਰੋਵਰ ਬਣਾਉਣ ਅਤੇ ਨਵਾਂ ਨਗਰ ਵਸਾਉਣ ਦੀ ਆਗਿਆ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੀਤੀ ਸੀ। ਇਸ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੰਘਾਂ ਨੂੰ ਨਾਲ ਲੈ ਕੇ ਆਲੇ-ਦੁਆਲੇ ਦੀਆਂ ਸੰਗਤਾਂ ਨੂੰ ਇੱਕਤਰ ਕਰ ਕੇ ਇਸ ਨਵੇਂ ਨਗਰ ਦੀ ਮੋਹੜੀ ਆਪਣੇ ਹੱਥੀਂ ਗੱਡੀ। ਇਸ ਨਗਰ ਦਾ ਨਾਂ 'ਗੁਰੂ ਕਾ ਚੱਕ' ਪਿਆ। ਇਸ ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਦੱਸੀ ਜਗ੍ਹਾਂ 'ਤੇ ਪਹਿਲਾਂ ਉਸ ਸਰੋਵਰ ਦੀ ਖੁਦਵਾਈ ਅਰੰਭੀ ਜਿਸ ਨੂੰ 'ਸੰਤੋਖਸਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ (ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ 'ਸੰਤੋਖਸਰ' ਵਾਲੇ ਸਰੋਵਰ ਦੀ ਸੰਪੂਰਨਤਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ) ਸੰਨ 1577 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਅਮ੍ਰਿਤਸਰ (ਗੁਰੂ ਕਾ ਚੱਕ) ਵਾਲੀ 50 ਵਿੱਘਾ ਜ਼ਮੀਨ ਨੂੰ ਤੁੰਗ ਪਿੰਡ ਦੇ ਜਿਮੀਂਦਾਰਾਂ ਪਾਸੋਂ 70 ਅਕਬਰੀ ਰੁਪਏ ਦੇ ਕੇ ਮੁੱਲ ਖ੍ਰੀਦਿਆ।

ਨਵਾਂ ਨਗਰ ਵਸਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਪੱਕੇ ਤੌਰ 'ਤੇ ਇੱਥੇ ਕਰ ਲਈ। ਜਿਸ ਜਗ੍ਹਾਂ ਆਪ ਜੀ ਨੇ ਆਪਣੀ ਰਿਹਾਇਸ਼ ਕੀਤੀ ਉਸ ਅਸਥਾਨ ਨੂੰ 'ਗੁਰੂ ਕੇ ਮਹਿਲ' ਕਰ ਕੇ ਜਾਣਿਆ ਜਾਂਦਾ ਹੈ। ਇਸ ਵਸਾਏ ਨਵੇਂ ਨਗਰ ਦੀ ਧਾਰਮਿਕ, ਆਰਥਿਕ ਅਤੇ ਸਮਾਜਿਕ ਪੱਖ ਤੋਂ ਉਨਤੀ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਕਈ ਵਿਸ਼ੇਸ਼ ਕਾਰਜ ਅਰੰਭੇ। ਗੁਰੂ ਜੀ ਨੇ ਇਸ ਨਗਰੀ ਨੂੰ ਧਰਮ ਦੀ ਕਿਰਤ ਕਰਨ ਵਾਲੇ, ਹੁਨਰ ਅਤੇ ਦਸਤਕਾਰੀ ਰਾਹੀਂ ਉੱਦਮ ਤੇ ਜਤਨ ਕਰ ਕੇ ਹੱਥੀਂ ਕਿਰਤ ਕਰਕੇ ਰੋਜ਼ੀ ਕਮਾਉਣ ਵਾਲੇ ਲੋਕਾਂ ਦੀ ਨਗਰੀ ਬਣਾਉਣ ਵਾਸਤੇ 52 ਕਿਸਮਾਂ ਦੇ ਵੱਖ-ਵੱਖ ਕਿੱਤੇ (ਕੰਮ) ਕਰਨ ਵਾਲੇ ਹੁਨਰਮੰਦਾਂ ਅਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਰ ਕੇ ਵੱਖ-ਵੱਖ ਸਥਾਨਾਂ ਤੋਂ ਇੱਥੇ ਸੱਦਿਆ। ਗੁਰੂ ਜੀ ਨੇ ਉਨ੍ਹਾਂ ਲੋਕਾਂ ਦੀ ਰਿਹਾਇਸ਼ ਵਾਸਤੇ ਪ੍ਰਬੰਧ ਕਰ ਕੇ ਉਨ੍ਹਾਂ ਨੂੰ ਇੱਥੇ ਵਸਾਇਆ। ਇਨ੍ਹਾਂ ਤਮਾਮ ਕਿੱਤਿਆਂ, ਧਦਿਆਂ ਨਾਲ ਸੰਬਧਿਤ ਲੋਕਾਂ ਨੂੰ ਇਕ ਬਜ਼ਾਰ ਵਿਚ ਵਸਾਇਆ। ਇਸ ਬਜ਼ਾਰ ਨੂੰ ਗੁਰੂ ਬਜ਼ਾਰ ਕਰ ਕੇ ਜਾਣਿਆ ਜਾਣ ਲੱਗਾ। ਹੌਲੀ ਹੌਲੀ ਇਹ ਨਗਰ ਸੰਘਣੀ ਵਸੋਂ ਵਿਚ ਤਬਦੀਲ ਹੋ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਆਪਣੀ ਪੁਸਤਕ ਪੂਰੀ ਹੋਈ ਕਰਾਮਾਤਿ ਵਿਚ ਇਸ ਨਵੇਂ ਨਗਰ ਬਾਰੇ ਲਿਖਦੇ ਹਨ ਕਿ ਸ਼ਹਿਰ ਨੂੰ ਕਈ ਮਹੱਲਿਆਂ ਅਤੇ ਬਜ਼ਾਰਾਂ ਵਿਚ ਵਡਿਆ। ਹਰ ਮਹੱਲੇ ਦੇ ਬਾਹਰ ਖੂਹ ਲਗਵਾਏ ਤੇ ਨਾਲ ਹੀ ਬਜ਼ਾਰ ਬਣਵਾਏ। ਦੂਰ ਨੇੜੇ ਸੱਦੇ ਭੇਜ ਕੇ ਵਪਾਰੀਆਂ ਨੂੰ ਵੱਸਣ ਲਈ ਕਿਹਾ। ਉਚੇਚੇ ਤੌਰ 'ਤੇ ਕਾਰੀਗਰਾਂ ਨੂੰ ਬੁਲਾ ਕੇ ਆਦਰ ਸਹਿਤ ਵਸਾਇਆ। ਕਲਾਨੌਰ, ਪੱਟੀ ਤੇ ਕਸੂਰ ਅਤੇ ਹੋਰ ਥਾਵਾਂ ਤੋਂ 52 ਕਿੱਤਿਆਂ ਦੇ ਨਾਮਵਰ ਪ੍ਰਵਾਰਾਂ ਨੂੰ ਵਸਾਇਆ। . . . ਸਿਰਫ ਬਜ਼ਾਰਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਏ ਕਿ ਕਿਤਨਾ ਵੱਡਾ ਸ਼ਹਿਰ ਗੁਰੂ ਜੀ ਨੇ ਵਿਉਂਤ-ਬੱਧ ਕੀਤਾ ਸੀ। ਮੁਹੱਲਾ ਪਟ ਰੰਗਾਂ, ਸਬੂਨੀਆਂ, ਮਿਸ਼ਰੀ ਬਜ਼ਾਰ, ਬਾਂਸਾਂ ਵਾਲਾ, ਚੀਲ ਮੰਡੀ, ਆਟਾ ਮੰਡੀ, ਬਜ਼ਾਰ ਮੋਚੀਆਂ। ਰੇਸ਼ਮ, ਸੂਤ, ਉੱਨ, ਲੋਹਾ, ਪਿੱਤਲ, ਹਾਥੀ ਦੰਦ, ਤੇਲ, ਕਾਲੀਨ ਤੇ ਰੰਗਰੇਜ਼ ਦੇ ਖਾਸ ਕੰਮਾਂ ਲਈ ਅਮ੍ਰਿਤਸਰ ਪ੍ਰਸਿੱਧ ਹੋ ਗਿਆ। ਇਹ ਸਭ ਕੁਝ ਚੌਥੇ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ



ਹੋਇਆ। ਜਿਸ ਕਾਰਨ ਇਸ ਸ਼ਹਿਰ ਨੂੰ ਰਾਮਦਾਸਪੁਰ ਨਾਂ ਨਾਲ ਵੀ ਜਾਣਿਆ ਜਾਣ ਲੱਗਾ। ਸ੍ਰੀ ਅਮ੍ਰਿਤਸਰ ਸ਼ਹਿਰ ਵਿਚ ਇਹ ਬਜ਼ਾਰ ਸ੍ਰੀ ਹਰਿਮੰਦਰ ਸਾਹਿਬ ਦੇ ਕੋਲ ਪੁਰਾਣੇ ਸ਼ਹਿਰ ਦੇ ਇਲਾਕੇ ਵਿਚ ਹੁਣ ਤਕ ਵਪਾਰ ਦਾ ਵਿਸ਼ਵ-ਪ੍ਰਸਿੱਧ ਕੇਂਦਰ ਹਨ। ਇੱਥੇ ਵਰਤਮਾਨ ਸਮੇਂ ਵਿਚ ਵੀ ਵੱਖ-ਵੱਖ ਕਿੱਤਿਆਂ ਅਨੇਕਾਂ ਧਾਤਾਂ (ਲੋਹਾ, ਸਟੀਲ, ਸੋਨਾ, ਚਾਂਦੀ, ਤਾਬੇ ਆਦਿ) ਨਾਲ ਸੰਬਧਿਤ ਲੋਕ ਕਾਰਜਸ਼ੀਲ ਹਨ। ਜੋ ਕਿ ਵਰਤਮਾਨ ਵਿਚ ਵੀ ਸ੍ਰੀ ਅਮ੍ਰਿਤਸਰ ਦੀ ਵਿਸ਼ੇਸ਼ ਪਛਾਣ ਦਾ ਕੇਂਦਰ ਵੀ ਹਨ। ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਤੇ ਆਦੇਸ਼ ਮੁਤਾਬਿਕ ਸੰਨ 1577 ਈ. ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ 'ਦੁਖ ਭੰਜਨੀ ਬੇਰੀ' ਵਾਲੀ ਥਾਂ 'ਤੇ ਸਰੋਵਰ (ਅਮ੍ਰਿਤ-ਸਰੋਵਰ) ਦੀ ਖੁਦਵਾਈ ਅਰੰਭ ਕਰਵਾਈ। ਜਿਸ ਦਾ ਬਾਅਦ ਵਿਚ ਨਾਂ ਅੰਮ੍ਰਿਤ-ਸਰ ਰੱਖਿਆ ਗਿਆ। ਇਸੇ ਨਾਮ 'ਤੇ 'ਗੁਰੂ ਕਾ ਚੱਕ' 'ਰਾਮਦਾਸਪੁਰ' ਨਗਰੀ ਦਾ ਨਾਮ 'ਅੰਮ੍ਰਿਤਸਰ' ਪ੍ਰਚਲਿਤ ਹੋ ਗਿਆ। ਇਸੇ ਸਰੋਵਰ ਦੇ ਐਨ ਵਿਚਕਾਰ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਿਆਈ ਕਾਲ ਸਮੇਂ ਸੰਨ 1588 ਈ. ਵਿਚ ਸਿੱਖੀ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਵਾਈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਸਦਕਾ 'ਰਾਮਦਾਸ ਪੁਰ' (ਸ੍ਰੀ ਅਮ੍ਰਿਤਸਰ) ਸਿੱਖੀ ਦੇ ਵਿਕਾਸ ਦਾ ਵੱਡਾ ਕੇਂਦਰ ਬਣਨ ਲੱਗਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਾਰੀ ਕੀਤੀ 'ਲੰਗਰ ਪ੍ਰਥਾ' ਨੂੰ ਇੱਥੇ ਵੀ ਜਾਰੀ ਰੱਖੀ। ਗੁਰੂ-ਦਰਸ਼ਨਾਂ ਲਈ ਆਉਣ ਵਾਲੀ ਸੰਗਤ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਜਿਸ ਕਾਰਨ ਸ਼ਹਿਰ ਦੇ ਹੋਰ ਵਿਕਾਸ ਦੀ ਲੋੜ ਹੋ ਗਈ। ਗੁਰੂ ਜੀ ਅਮ੍ਰਿਤ-ਸਰੋਵਰ ਨੂੰ ਵੀ ਪੱਕਾ ਕਰਨਾ ਚਾਹੁੰਦੇ ਸਨ। ਇਨ੍ਹਾਂ ਸਭ ਕਾਰਜਾਂ ਵਾਸਤੇ ਗੁਰੂ ਸਾਹਿਬ ਨੇ 'ਮਸੰਦਾਂ' ਦੀ ਸਥਾਪਨਾ ਕੀਤੀ। ਇਹ ਮਸੰਦ ਦੂਰ-ਦੁਰਾਡੇ ਦੀਆਂ ਸੰਗਤਾਂ ਕੋਲੋਂ ਗੁਰੂ-ਘਰ ਲਈ ਮਾਇਆ ਇਕੱਤਰ ਕਰ ਕੇ ਗੁਰੂ ਜੀ ਦੇ ਸਨਮੁੱਖ ਲਿਆਉਣ ਲੱਗੇ। ਮਸੰਦਾਂ ਦੁਆਰਾ ਸੰਗਤਾਂ ਤੋਂ ਇਕੱਠੀ ਕੀਤੀ ਮਾਇਆ ਅਮ੍ਰਿਤ-ਸਰੋਵਰ ਦੀ ਕਾਰ-ਸੇਵਾ ਅਤੇ ਹੋਰ ਸਿੱਖੀ ਦੇ ਅਤੇ ਸਮਾਜਿਕ ਭਲਾਈ ਦੇ ਕਾਰਜਾਂ ਵਿਚ ਖਰਚ ਕੀਤੀ ਜਾਂਦੀ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲਾਂ ਤਿੰਨ ਗੁਰੂ ਸਾਹਿਬਾਨ ਵਾਂਗ ਬਾਣੀ ਦੀ ਰਚਨਾ ਕਰ ਕੇ ਲੋਕਾਈ ਨੂੰ ਸੱਚ ਦੇ ਮਾਰਗ ਨਾਲ ਰੂ-ਬਰੂ ਕਰਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਅਧਿਆਤਮਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ ਹਨ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਦਰਸ਼ਨ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 30 ਰਾਗਾਂ ਵਿਚ ਬਾਣੀ ਦਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਆਦਿ ਪੁਰਖੁ, ਅਪਰ-ਅਪਾਰ, ਸ੍ਰਿਸ਼ਟੀ-ਕਰਤਾ, ਅਦੁੱਤੀ, ਯੁੱਗਾਂ-ਯੁਗਾਂਤਰਾਂ ਤਕ ਇੱਕੋ ਇੱਕ ਤੇ ਸਦੀਵੀ ਹੈ। ਆਪ ਦਾ ਗੁਰਬਾਣੀ ਵਿਚ ਫੁਰਮਾਨ ਹੈ:

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥
(ਪੰਨਾ 348)

ਇਸ ਤੋਂ ਇਲਾਵਾ ਆਪ ਜੀ ਨੇ ਆਪਣੀ ਬਾਣੀ ਰਾਹੀਂ ਹਰੇਕ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਜੀਊਣ ਦੀ ਪ੍ਰੇਰਨਾ ਵੀ ਦਿੱਤੀ ਤੇ ਆਪਣੀ ਬਾਣੀ ਰਾਹੀਂ ਰੋਜ਼ਾਨਾ ਦੇ ਕਾਰਜਾਂ ਵਿਚ ਅਮ੍ਰਿਤ ਵੇਲੇ ਦਾ ਜਾਗਣਾ ਤੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਾ ਦ੍ਰਿੜ੍ਹ ਕਰਵਾਇਆ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (ਪੰਨਾ 305)

ਇਨ੍ਹਾਂ ਹੀ ਨਹੀਂ ਬਲਕਿ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਗੁਰਸਿੱਖਾਂ ਦੀ ਚਰਨ ਧੂੜ ਭਾਵ ਉਨ੍ਹਾਂ ਦਾ ਸੰਗ ਮੰਗਣ ਲਈ ਵੀ ਪ੍ਰੇਰਿਆ ਹੈ ਜੋ ਉਸ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਖ਼ੁਦ ਵੀ ਜਪਦੇ ਹਨ ਤੇ ਦੂਜਿਆਂ ਨੂੰ ਵੀ ਜਪਣ ਲਈ ਪ੍ਰੇਰਦੇ ਹਨ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਪੰਨਾ 306)

ਗੁਰੂ ਸਾਹਿਬ ਨੇ ਸਿੱਖ ਨੂੰ ਹਰੇਕ ਕਾਰਜ ਅਕਾਲ ਪੁਰਖ ਦੇ ਭਰੋਸੇ ਕਰਨ ਅਤੇ ਉਸ ਪਰਮਾਤਮਾ ਅੱਗੇ ਅਰਦਾਸ ਕਰ ਕੇ ਅਰੰਭਣ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਰੂਪ 'ਚ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪਉੜੀਆਂ, ਪਹਿਰੇ, ਵਣਜਾਰੇ, ਕਰਹਲੇ ਅਤੇ ਘੋੜੀਆਂ ਸ਼ਾਮਲ ਹਨ। ਸੂਹੀ ਰਾਗ ਵਿਚ ਰਚੀਆਂ ਚਾਰ 'ਲਾਵਾਂ' ਹਰੇਕ ਸਿੱਖ ਦੇ 'ਅਨੰਦ ਕਾਰਜ' ਵਿਚ ਪੜ੍ਹੀਆਂ ਜਾਂਦੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕਰ ਗੁਰਿਆਈ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਗੁਣਾਂ ਦੇ ਆਧਾਰ 'ਤੇ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ 1 ਸਤੰਬਰ, 1581 ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

# ਕੀ ਗਰਭ ਦੌਰਾਨ ਮੇਕਅੱਪ ਕਰਨਾ ਖ਼ਤਰਨਾਕ ਹੈ?



ਵਾਸ਼ਿੰਗਟਨ ਦੇ ਡਾਕਟਰ ਜ਼ਵਰਲਿੰਗ ਦੀ ਖੋਜ ਅਨੁਸਾਰ ਕੁੱਝ ਵਨਸਪਤੀ ਤੋਂ ਬਣੇ ਜਾਂ ਆਰਗੈਨਿਕ/ਨੈਚੂਰਲ/ਜੜ੍ਹੀਆਂ-ਬੂਟੀਆਂ ਤੋਂ ਬਣੀਆਂ ਮੇਕਅੱਪ ਦੀਆਂ ਚੀਜ਼ਾਂ ਵੀ ਗਰਭ ਦੌਰਾਨ ਤਗੜੀ ਐਲਰਜੀ ਕਰ ਸਕਦੀਆਂ ਹਨ ਪਰ ਆਇਰਨ ਆਕਸਾਈਡ ਵਰਤਿਆ ਜਾ ਸਕਦਾ ਹੈ। ਇਹ ਖੋਜ ਬੜੀ ਅਜੀਬ ਸੀ। ਇਸੇ ਲਈ ਗਰਭ ਦੌਰਾਨ ਮੇਕਅੱਪ ਬਾਰੇ ਕਾਫ਼ੀ ਹੋਰ ਵੀ ਖੋਜਾਂ ਹੋਣੀਆਂ ਸ਼ੁਰੂ ਹੋਈਆਂ। ਦੁਨੀਆ ਭਰ ਵਿੱਚ ਜੱਚਾ ਲਈ ਟੈਟੂ ਬਣਾਉਣੇ ਸਖ਼ਤੀ ਨਾਲ ਰੋਕੇ ਗਏ ਹਨ ਕਿਉਂਕਿ ਸੂਈ ਰਾਹੀਂ ਸਰੀਰ ਅੰਦਰ ਜਾਂਦੀ ਬਿਮਾਰੀ ਗਰਭ ਵਿੱਚ ਪਲ ਰਹੇ ਬੱਚੇ ਨੂੰ ਵੀ ਲੱਗ ਜਾਂਦੀ ਹੈ।

ਖੋਜਾਂ ਰਾਹੀਂ ਸਾਬਤ ਹੋਏ ਤੱਥਾਂ ਅਨੁਸਾਰ ਕੁੱਝ ਮੇਕਅੱਪ ਵਾਲੀਆਂ ਚੀਜ਼ਾਂ ਗਰਭਵਤੀ ਔਰਤ ਨਾ ਹੀ ਵਰਤੇ ਤਾਂ ਠੀਕ ਰਹਿੰਦਾ ਹੈ।





ਰੈਟੀਨਾਇਡ/ਰੈਟੀਨੋਲ: ਇਹ ਕਈ ਕਿਸਮਾਂ ਦੀਆਂ ਝੁਰੜੀਆਂ ਰੋਕਣ ਵਾਲੀਆਂ ਕਰੀਮਾਂ ਵਿੱਚ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਸ਼ੈਂਪੂ ਅਤੇ ਕਿੱਲ ਮੁਹਾਂਸੇ ਵਾਲੀਆਂ ਕਰੀਮਾਂ ਜਾਂ ਗੋਲੀਆਂ ਵਿੱਚ ਵੀ ਇਹ ਹੈ। ਇਸ ਵਿੱਚ ਵਿਟਾਮਿਨ-ਏ ਏਨਾ ਵੱਧ ਹੁੰਦਾ ਹੈ ਕਿ ਇਹ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਪੂਰੀ ਜ਼ਿੰਦਗੀ ਲਈ ਨੁਕਸ ਪੈਦਾ ਕਰ ਸਕਦਾ ਹੈ। ਇਸੇ ਲਈ ਕੋਈ ਵੀ ਕਰੀਮ ਜਾਂ ਸ਼ੈਂਪੂ ਵਰਤਣ ਤੋਂ ਪਹਿਲਾਂ ਉਸ ਵਿੱਚ ਚੈੱਕ ਕਰ ਲੈਣਾ ਚਾਹੀਦਾ ਹੈ ਕਿ ਰੇਟੀਨੋਲ ਹੈ ਜਾਂ ਨਹੀਂ।

ਸੈਲੀਸਿਲਿਕ ਐਸਿਡ: ਕਿਲ ਮੁਹਾਂਸੇ ਲਈ ਵਰਤੀਆਂ ਜਾ ਰਹੀਆਂ ਕਰੀਮਾਂ ਅਤੇ ਮੂੰਹ ਸਾਫ਼ ਕਰਨ ਵਾਲੇ ਕਲੀਂਜ਼ਰਾਂ ਵਿੱਚ ਸੈਲੀਸਿਲਕ ਐਸਿਡ ਹੁੰਦਾ ਹੈ। ਵਾਧੂ ਵਰਤੋਂ ਜਾਂ ਮੂੰਹ ਰਾਹੀਂ ਖਾਣ ਨਾਲ ਭਰੂਣ ਵਿੱਚ ਨੁਕਸ ਪੈ ਸਕਦੇ ਹਨ।

ਇਸੇ ਲਈ ਸੈਲੀਸਿਲਿਕ ਐਸਿਡ, ਅਲਫਾ ਅਤੇ ਬੀਟਾ ਹਾਈਡਰੋਕਸਿਲ ਐਸਿਡ ਜੱਚਾ ਲਈ ਵਰਤਣੇ ਠੀਕ ਨਹੀਂ ਹਨ।

ਐਲਮੀਨੀਅਮ ਕਲੋਰਾਈਡ ਹੈਕਸਾ ਹਾਈਡਰੇਟ: ਇਹ ਪਸੀਨਾ ਰੋਕਣ ਵਾਲੀਆਂ ਕਰੀਮਾਂ ਵਿੱਚ ਹੁੰਦਾ ਹੈ (ਐਂਟੀ ਪਰਸਪੀਰੈਂਟ)। ਇਸ ਦੀ ਵਰਤੋਂ ਹਾਨੀਕਾਰਕ ਹੈ।

ਕੈਮੀਕਲ ਸਨਸਕਰੀਨ: ਐਵੋਬੈਨਜ਼ੋਨ, ਓਕਟੀਸੈਲੇਟ, ਆਕਸੀਬੈਨਜ਼ੋਨ ਤੇ ਓਕਸੀਨੋਕਸੇਟ ਆਦਿ ਵਾਲੀਆਂ ਧੁੱਪ ਤੋਂ ਬਚਣ ਵਾਲੀਆਂ ਕਰੀਮਾਂ ਨਹੀਂ ਵਰਤਣੀਆਂ ਚਾਹੀਦੀਆਂ।

ਡਾਈ ਈਥਾਨੋਲਾਮੀਨ ਅਤੇ ਲੋਰਾਮਾਈਡ: ਵਾਲੇ ਸ਼ੈਂਪੂ ਤੇ ਸਰੀਰ ਉੱਤੇ ਮਲਣ ਵਾਲੀਆਂ ਕਰੀਮਾਂ ਵੀ ਵਰਤਣੀਆਂ ਠੀਕ ਨਹੀਂ।

ਡਾਈਹਾਈਡਰੋਕਸੀ ਐਸੀਟੋਨ: ਟੈਨਿੰਗ ਲਈ ਵਰਤੇ ਜਾਂਦੇ ਸਪਰੇਅ ਵਿੱਚ ਇਹ ਤੱਤ ਹੁੰਦਾ ਹੈ ਅਤੇ ਸਾਹ ਰਾਹੀਂ ਅੰਦਰ ਲੰਘ ਜਾਣ ਉੱਤੇ ਨੁਕਸਾਨ ਕਰ ਸਕਦਾ ਹੈ।

ਫੋਰਮੈਲਡੀਹਾਈਡ: ਇਹ ਤੱਤ ਵਾਲ ਸਿੱਧੇ (ਸਟਰੇਟਨਿੰਗ) ਵਿੱਚ, ਨੇਲ ਪਾਲਿਸ਼ਾਂ ਵਿੱਚ, ਅੱਖਾਂ ਦੀਆਂ ਪੁਤਲੀਆਂ ਉੱਤੇ ਲਾਉਣ ਵਾਲੇ ਜੈੱਲ ਆਦਿ ਵਿੱਚ ਇਹ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਆਟਰਨੀਅਮ, ਡਾਈਮੀਥਾਇਲ ਹਾਈਡੈਨਟਾਇਨ, ਇਮੀਡਾ ਜ਼ੋਲੀਡੀਨਾਈਲ ਯੂਰੀਆ ਅਤੇ ਬਰੋਮੋ ਨਾਈਟਰੋਪਰੋਪੇਨ ਆਦਿ ਜਿਸ ਵੀ ਕਰੀਮ, ਸ਼ੈਂਪੂ ਜਾਂ ਸਪਰੇਅ ਵਿੱਚ ਹੋਣ, ਉੱਕਾ ਹੀ ਨਹੀਂ ਵਰਤਣੇ ਚਾਹੀਦੇ।

ਹਾਈਡਰੋਕੁਈਨੋਨ: ਜੋ ਰੰਗ ਗੋਰਾ ਕਰਨ ਵਾਲੀਆਂ ਕਰੀਮਾਂ ਵਿੱਚ ਹੈ, ਤੋਂ ਤਾਂ ਹਰ ਹਾਲ ਪਰਹੇਜ਼ ਹੀ ਕਰਨਾ ਠੀਕ ਰਹਿੰਦਾ ਹੈ।

ਪੈਰਾਬੈਨ: ਵਾਲੇ ਕੋਈ ਵੀ ਮੇਕਅੱਪ ਦੇ ਸਮਾਨ ਬਿਲਕੁਲ ਨਹੀਂ ਵਰਤਣੇ ਚਾਹੀਦੇ।

ਥੈਲੇਟ: ਖ਼ੁਸ਼ਬੂ ਅਤੇ ਨੇਲ ਪਾਲਿਸ਼ ਵਿੱਚ ਪਾਇਆ ਜਾਂਦਾ ਹੈ। ਡਾਈਈਥਾਈਲ ਤੇ ਡਾਈ ਬੁਟਾਈਲ ਥੈਲੇਟ ਵਰਤਣ ਨਾਲ ਗਰਭ ਵਿੱਚ ਪਲ ਰਹੇ ਬੱਚੇ ਵਿੱਚ ਕਾਫ਼ੀ ਨੁਕਸ ਹੋ ਸਕਦੇ ਹਨ।

ਥਾਇਓਗਲਾਈਕੋਲਿਕ ਐਸਿਡ: ਇਹ ਸਰੀਰ ਉੱਤੋਂ ਵਾਲ ਲਾਹੁਣ ਵਾਲੀਆਂ ਕਰੀਮਾਂ ਵਿੱਚ ਹਨ। ਏਸੀਟਾਈਲ ਮਾਰਕੈਪਟਨ, ਮਾਰਕੈਪਟੋ ਐਸੀਟੇਟ ਅਤੇ ਮਰਕੈਪਟੋ ਏਸੀਟਿਕ ਐਸਿਡ ਆਦਿ ਸ਼ਬਦ ਟਿਊਬਾਂ ਦੇ ਬਾਹਰੋਂ ਪੜ੍ਹ ਕੇ, ਅਜਿਹੀਆਂ ਕਰੀਮਾਂ ਤੋਂ ਤੌਬਾ ਕਰਨੀ ਹੀ ਬਿਹਤਰ ਹੈ। ਇਹ ਬੱਚੇ ਦੀ ਤੰਦਰੁਸਤੀ ਲਈ ਘਾਤਕ ਸਿੱਧ ਹੁੰਦੇ ਹਨ।

ਟੌਲੂਈਨ: ਨੇਲ ਪਾਲਿਸ਼ ਵਿੱਚ ਹੁੰਦਾ ਹੈ ਜੋ ਜੱਚਾ ਨੂੰ ਨੁਕਸਾਨ ਕਰ ਸਕਦਾ ਹੈ।

ਚਮੜੀ ਸਰੀਰ ਦਾ ਸਭ ਤੋਂ ਵੱਡਾ ਅੰਗ ਹੈ ਅਤੇ ਇਸ ਰਾਹੀਂ ਅਨੇਕ ਚੀਜ਼ਾਂ ਸਰੀਰ ਅੰਦਰ ਪਹੁੰਚ ਕੇ ਨੁਕਸਾਨ ਕਰ ਸਕਦੀਆਂ ਹਨ। ਕੁੱਝ ਵਾਲਾਂ ਅਤੇ ਨਹੂੰ ਰਾਹੀਂ ਵੀ ਅਸਰ ਛੱਡਦੀਆਂ ਹਨ ਤੇ ਢਿੱਡ ਅੰਦਰ ਪਲ ਰਹੇ ਬੱਚੇ ਵਿੱਚ ਸਦੀਵੀ ਨੁਕਸ ਵੀ ਕਰ ਦਿੰਦੀਆਂ ਹਨ।

ਕੁੱਝ ਧਿਆਨ ਦੇਣ ਯੋਗ ਗੱਲਾਂ:

× ਘੱਟੋ-ਘੱਟ ਮੇਕਅੱਪ ਵਰਤਿਆ ਜਾਵੇ।
× ਸਾਬਣ ਗਲਿਸਰੀਨ ਵਾਲਾ ਹੋਵੇ।
× ਨਹਾਉਣ ਜਾਂ ਮੂੰਹ ਧੋਣ ਲਈ ਬਹੁਤਾ ਗਰਮ ਪਾਣੀ ਨਾ ਵਰਤਿਆ ਜਾਵੇ।
× ਹਲਕੀ ਕਰੀਮ ਜਾਂ ਮਲਾਈ ਮੂੰਹ ਉੱਤੇ ਲਾਈ ਜਾ ਸਕਦੀ ਹੈ।
× ਚਮੜੀ ਅਤੇ ਸਿਰ ਵਾਸਤੇ ਖੋਪੇ ਦਾ ਤੇਲ ਵਰਤਿਆ ਜਾ ਸਕਦਾ ਹੈ।
× ਛਾਤੀ ਉੱਤੇ ਲਾਉਣ ਲਈ ਵੀ ਖੋਪੇ ਦਾ ਤੇਲ ਹੀ ਬਿਹਤਰ ਹੈ।
× ਫਾਊਂਡੇਸ਼ਨ ਲਾਉਣ ਲੱਗਿਆਂ ਘੱਟੋ-ਘੱਟ ਕੈਮੀਕਲ ਵਾਲਾ ਵਰਤਿਆ ਜਾਵੇ।
× ਮੇਕਅੱਪ ਲਾਹੁਣ ਲੱਗਿਆਂ ਚੌਲਾਂ ਦੀ ਪਿੱਛ ਜਾਂ ਤਾਜ਼ੇ ਦੁੱਧ ਨਾਲ ਮੂੰਹ ਸਾਫ਼ ਕੀਤਾ ਜਾ ਸਕਦਾ ਹੈ।
× ਬੁੱਲਾਂ ਅਤੇ ਮੂੰਹ ਉੱਤੇ ਮੇਕਅੱਪ ਦੀ ਮੋਟੀ ਤਹਿ ਨਹੀਂ ਲਾਉਣੀ ਚਾਹੀਦੀ।
× ਲੈੱਡ ਤੇ ਕੌਪਰ ਵਾਲੇ ਕਾਸਮੈਟਿਕ ਨਹੀਂ ਵਰਤਣੇ ਚਾਹੀਦੇ। ਇਸ ਲਈ ਅੱਖਾਂ ਅਤੇ ਬੁੱਲਾਂ ਉੱਤੇ ਲਾਈ ਜਾ ਰਹੀ ਪੈਨਸਿਲ ਵਿੱਚ ਇਹ ਤੱਤ ਜ਼ਰੂਰ ਚੈੱਕ ਕਰ ਲੈਣਾ ਚਾਹੀਦਾ ਹੈ।
× ਲਿਪਸਟਿਕ ਨਾ ਹੀ ਵਰਤੀ ਜਾਵੇ ਤਾਂ ਬਿਹਤਰ ਹੈ। ਜੇ ਵਰਤੀ ਜਾ ਰਹੀ ਹੈ ਤਾਂ ਲੈੱਡ ਵਾਲੀ ਲਿਪਸਟਿਕ ਦੀ ਥਾਂ ਕੁਦਰਤੀ ਚੀਜ਼ਾਂ ਦੀ ਬਣੀ ਵਰਤਣੀ ਚਾਹੀਦੀ ਹੈ ਕਿਉਂਕਿ ਬੁੱਲਾਂ ਰਾਹੀਂ ਮੂੰਹ ਅੰਦਰ ਜਾਂਦਾ ਲੈੱਡ ਭਰੂਣ ਉੱਤੇ ਅਸਰ ਪਾ ਸਕਦਾ ਹੈ।
× ਖੋਪੇ ਦਾ ਤੇਲ ਸਿਰ ਅਤੇ ਸਰੀਰ ਦੀ ਚਮੜੀ ਨੂੰ ਨਰਮ ਰੱਖਣ ਲਈ ਬਹੁਤ ਵਧੀਆ ਸਾਬਤ ਹੋ ਚੁੱਕਿਆ ਹੈ ਤੇ ਚਮੜੀ ਅੰਦਰਲੀ ਨਮੀ ਬਰਕਰਾਰ ਰੱਖਦਾ ਹੈ।
× ਬਦਾਮਾਂ ਦਾ ਤੇਲ ਵੀ ਲਾਹੇਵੰਦ ਹੈ।
× ਲੈਵੈਂਡਰ ਤੇਲ ਨਾਲ ਹੱਥਾਂ ਅਤੇ ਗੁੱਟਾਂ ਉੱਤੇ ਮਾਲਿਸ਼ ਕਰਕੇ ਡੂੰਘੀ ਨੀਂਦਰ ਲਈ ਜਾ ਸਕਦੀ ਹੈ।
× ਰੈਟੀਨੋਲ ਦੀ ਥਾਂ ਉਹ 'ਆਈ ਸੀਰਮ' ਵਰਤਿਆ ਜਾ ਸਕਦਾ ਹੈ ਜੋ ਆਰਗੈਨਿਕ ਹੋਵੇ।
× ਐਲੋ ਵੀਰਾ ਕਰੀਮ ਧੁੱਪੇ ਜਾਣ ਲੱਗਿਆਂ ਮੂੰਹ ਜਾਂ ਗਲੇ ਉੱਤੇ ਲਾਈ ਜਾ ਸਕਦੀ ਹੈ।
× ਰੋਜ਼ ਕਸਰਤ ਕਰਨ ਤੇ ਰੱਜ ਕੇ ਸਲਾਦ ਅਤੇ ਫਲ ਖਾਣ ਨਾਲ ਚਿਹਰੇ ਉੱਤੇ ਕੁਦਰਤੀ ਰੌਣਕ ਆ ਜਾਂਦੀ ਹੈ।
× ਸ਼ਰਾਬ ਤੇ ਸਿਗਰਟ ਬੰਦ ਕਰ ਦੇਣੀ ਚਾਹੀਦੀ ਹੈ।
× ਪੈਰਾਬੈਨ ਵਾਲੀਆਂ ਪਰਫਿਊਮਾਂ ਲਾਉਣ ਨਾਲ ਗਰਭਪਾਤ ਹੋ ਸਕਦਾ ਹੈ ਤੇ ਬੱਚੇ ਵਿੱਚ ਜਮਾਂਦਰੂ ਨੁਕਸ ਹੋ ਸਕਦੇ ਹਨ। ਥੈਲੇਟ ਜ਼ੱਚਾ ਦੇ ਹਾਰਮੋਨਾਂ 'ਚ ਗੜਬੜੀ ਪੈਦਾ ਕਰ ਦਿੰਦੇ ਹਨ। ਇਸੇ ਲਈ ਇਨ੍ਹਾਂ ਨੂੰ ਨਾ ਵਰਤਣਾ ਹੀ ਠੀਕ ਹੈ।
× ਗੂੜ੍ਹੀ ਲਾਲ ਲਿਪਸਟਿਕ ਵਿੱਚ ਲੈਡ ਹੁੰਦਾ ਹੈ, ਜੋ ਨੁਕਸਾਨਦੇਹ ਹੈ। × ਮਸਕਾਰਾ ਅੱਖਾਂ ਦੀ ਖ਼ੂਬਸੂਰਤੀ ਤਾਂ ਵਧਾਉਂਦਾ ਹੈ ਪਰ ਉਸ ਵਿੱਚ ਮਰਕਰੀ (ਪਾਰਾ) ਹੋਣ ਕਾਰਨ ਸਰੀਰ ਦਾ ਨਾਸ ਵੱਜਦਾ ਹੈ ਸੋ ਨਾ ਵਰਤਣਾ ਹੀ ਠੀਕ ਹੈ। ਡੂੰਘੀ ਨੀਂਦਰ ਲੈ ਕੇ, ਤਣਾਓ ਛੱਡ ਕੇ ਅਤੇ ਖੁੱਲ੍ਹ ਕੇ ਹੱਸ ਕੇ ਜਿਹੜੀ ਰੌਣਕ ਚਿਹਰੇ ਉੱਤੇ ਆਉਂਦੀ ਹੈ, ਉਹ ਕਿਸੇ ਵੀ ਮੇਕਅੱਪ ਨਾਲ ਨਹੀਂ ਆ ਸਕਦੀ। ਇਸੇ ਲਈ ਬੌਡੀ ਵਾਸ਼, ਲੋਸ਼ਨ, ਕਰੀਮਾਂ, ਪਰਫਿਊਮਾਂ ਛੱਡ ਕੇ ਆਪਣੇ ਬੱਚੇ ਬਾਰੇ ਚੰਗੇ ਵਿਚਾਰ ਰੱਖ ਕੇ ਰੱਜ ਕੇ ਜ਼ਿੰਦਗੀ ਦਾ ਹਰ ਪਲ ਮਾਣਨ ਦੀ ਲੋੜ ਹੈ।



# ਹੱਡੀਆਂ ਨੂੰ ਮਜ਼ਬੂਤ ਬਣਾਉਂਦੀ ਹੈ ਮੱਕੀ ਦੀ ਰੋਟੀ, ਖਾਣ ਨਾਲ ਹੋਣਗੇ ਹੋਰ ਵੀ ਲਾਭ

ਸਰਦੀਆਂ @ਚ ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਚਾਹੇ ਇਸ ਨੂੰ ਦਾਣੇ ਦੇ ਰੂਪ @ਚ ਖਾਓ ਜਾਂ ਰੋਟੀ ਦੇ ਰੂਪ @ਚ। ਇਸ @ਚ ਵਿਟਾਮਿਨ ਏ,ਬੀ,ਈ ਅਤੇ ਕਈ ਤਰ੍ਹਾਂ ਦੇ ਮਿਨਰਲਸ ਜਿਵੇਂ ਆਇਰਨ, ਕਾਪਰ, ਜ਼ਿੰਕ ਅਤੇ ਮੈਗਨੀਜ਼, ਸੇਲੇਨਿਯਮ ਪੋਟਾਸ਼ੀਅਮ ਆਦਿ ਭਰਪੂਰ ਮਾਤਰਾ @ਚ ਮੌਜੂਦ ਹੁੰਦੇ ਹਨ। ਜੋ ਕੋਲਨ ਕੈਂਸਰ ਅਤੇ ਦਿਲ ਦੇ ਗੰਭੀਰ ਰੋਗ ਹੋਣ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ। ਇਸ ਲਈ ਆਪਣੀ ਖੁਰਾਕ @ਚ ਮੱਕੀ ਦੀ ਰੋਟੀ ਨੂੰ ਜ਼ੂਰਰ ਸ਼ਾਮਲ ਕਰੋ। ਆਓ ਜਾਣਦੇ ਹਾਂ ਇਸ ਦੇ ਫਾਇਦੇ।

1. ਕੈਂਸਰ ਦੀ ਰੋਕਥਾਮ

ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬੇਹੱਦ ਫਾਇਦੇਮੰਦ ਹੁੰਦਾ ਹੈ। ਇਸ ਚ ਐਂਟੀ-ਆਕਸੀਡੈਂਟ, ਬੀਟਾ ਕ੍ਰਿਪਟੋਜੇਂਥਿਨ, ਐਂਟੀ-ਆਕਸੀਡੈਂਟ ਭਰਪੂਰ ਮਾਤਰਾ ਚ ਪਾਏ ਜਾਂਦੇ ਹਨ ਜੋ ਫੇਫੜਿਆਂ ਦੇ ਕੈਂਸਰ, ਲਿਵਰ ਅਤੇ ਬ੍ਰੈਸਟ ਕੈਂਸਰ ਦੇ ਖਤਰੇ ਨੂੰ ਘੱਟ ਕਰਦੇ ਹਨ।

2. ਦਿਲ ਨੂੰ ਸਿਹਤਮੰਦ ਰੱਖੇ

ਇਹ ਕੋਲੈਸਟਰੋਲ ਨੂੰ ਘੱਟ ਕਰ ਕਾਰਡਿਓਵਰਸਕੁਲਰ ਦੇ ਰਿਸਕ ਨੂੰ ਘੱਟ ਕਰਦਾ ਹੈ। ਇਸ ਚ ਓਮੇਗਾ-3 ਫੈਟੀ ਐਸਿਡ ਵੀ ਹੁੰਦਾ ਹੈ ਜੋ ਦਿਲ ਨੂੰ ਸਿਹਤਮੰਦ ਬਣਾਉਂਦਾ ਹੈ। ਇਸ ਤੋਂ ਇਲਵਾ ਇਹ ਹਾਈ ਬੀਪੀ ਦੀ ਸਮੱਸਿਆ ਨੂੰ ਵੀ ਘੱਟ ਕਰ ਹਾਰਟ ਅਟੈਕ ਅਤੇ ਸਟ੍ਰੋਕ ਦਾ ਖਤਰਾ ਘੱਟ ਕਰਦਾ ਹੈ। ਨਿਯਮਿਤ ਇਸ ਨੂੰ ਖਾਣ ਨਾਲ ਸਰੀਰ ਚੋਂ ਮਾੜੇ ਕੋਲੈਸਟਰੋਲ ਦਾ ਲੈਵਲ ਘੱਟ ਹੋ ਜਾਂਦਾ ਹੈ।

3. ਡਾਈਜੇਸ਼ਨ

ਕਣਕ ਦੀ ਰੋਟੀ ਦੀ ਬਜਾਏ ਮੱਕੀ ਦੀ ਰੋਟੀ ਪਚਨ @ਚ ਆਸਾਨ ਹੁੰਦੀ ਹੈ। ਮੱਕੀ ਚ ਮੌਜੂਦ ਫਾਈਬਰ ਪਾਚਨ ਨੂੰ ਸਹੀ ਰੱਖਦਾ ਹੈ ਅਤੇ ਹਾਨੀਕਾਰਕ ਪਦਾਰਥਾਂ ਨੂੰ ਸਰੀਰ @ਚੋਂ ਬਾਹਰ ਕੱਢਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਐਸੀਡਿਟੀ, ਕਬਜ਼ ਆਦਿ ਢਿੱਡ ਸਬੰਧੀ ਸਮੱਸਿਆਵਾਂ ਘੱਟ ਹੁੰਦੀਆਂ ਹਨ।

4. ਖ਼ੂਨ ਵਧਾਏ

ਅਨੀਮੀਆ ਦੇ ਮਰੀਜ਼ਾਂ ਲਈ ਮੱਕੀ ਬਹੁਤ ਹੀ ਲਾਭਕਾਰੀ ਹੁੰਦੀ ਹੈ ਕਿਉਂਕਿ ਇਸ @ਚ ਜ਼ਿੰਕ, ਆਇਰਨ ਅਤੇ ਬੀਟਾ-ਕੈਰੋਟਿਨ ਹੁੰਦਾ ਹੈ, ਜੋ ਸਰੀਰ @ਚ ਲਾਲ ਖ਼ੂਨ ਕੋਸ਼ਿਕਾਵਾਂ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨਸ ਦੀ ਘਾਟ ਨੂੰ ਵੀ ਦੂਰ ਕਰਦਾ ਹੈ।



5. ਗਰਭ ਅਵਸਥਾ @ਚ ਫਾਇਦੇਮੰਦ

ਗਰਭਵਤੀ ਔਰਤਾਂ ਨੂੰ ਵੀ ਮੱਕੀ ਦੀ ਰੋਟੀ ਨੂੰ ਆਪਣੀ ਖੁਰਾਕ @ਚ ਜ਼ੂਰਰ ਸ਼ਾਮਲ ਕਰਨਾ ਚਾਹੀਦਾ ਹੈ। ਇਸ @ਚ ਫਾਲੇਟ ਅਤੇ ਵਿਟਾਮਿਨ-ਬੀ ਪਾਇਆ ਜਾਂਦਾ ਹੈ, ਜੋ ਕਿ ਗਰਭਾਸ਼ਯ @ਚ ਬੱਚੇ ਦੀਆਂ ਨਵੀਂ ਕੋਸ਼ਿਕਾਵਾਂ ਦੇ ਵਿਕਾਸ ਲਈ ਜ਼ਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਫਾਲੇਟ ਗਰਭ ਅਵਸਥਾ @ਚ ਮਾਂ ਅਤੇ ਬੱਚੇ, ਦੋਹਾਂ ਲਈ ਫਾਇਦੇਮੰਦ ਹੁੰਦਾ ਹੈ।

6. ਸਰਦੀ-ਜ਼ੁਕਾਮ ਤੋਂ ਰਾਹਤ

ਮੱਕੀ ਦੇ ਭੁੱਟੇ ਨੂੰ ਜਲਾ ਕੇ ਉਸ ਦੀ ਰਾਖ ਨੂੰ ਪੀਸ ਲਓ ਫਿਰ ਇਸ @ਚ ਸੁਆਦ ਮੁਤਾਬਕ ਸੇਂਧਾ ਨਮਕ ਪਾ ਕੇ ਦਿਨ @ਚ 4 ਵਾਰ 1 ਚਮਚਾ ਇਸ ਦਾ ਸੇਵਨ ਕਰੋ। ਇਸ ਨਾਲ ਖੰਘ, ਕਫ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ।

7. ਹੱਡੀਆਂ ਨੂੰ ਮਜ਼ਬੂਤ ਬਣਾਏ

ਇਹ ਹੱਡੀਆਂ ਲਈ ਵੀ ਬਹੁਤ ਹੀ ਫਾਇਦੇਮੰਦ ਹੈ। ਮੈਗਨੀਸ਼ੀਅਮ ਅਤੇ ਆਇਰਨ ਇਸ @ਚ ਭਰਪੂਰ ਮਾਤਰਾ @ਚ ਹੁੰਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਸ @ਚ ਮੌਜੂਦ ਜ਼ਿੰਕ ਅਤੇ ਫਾਸਫੋਰਸ ਆਰਥਰਾਈਟਸ ਵਰਗੇ ਰੋਗਾਂ ਦੇ ਖਤਰੇ ਨੂੰ ਘੱਟ ਕਰਦਾ ਹੈ।

8. ਯੂਰਿਨ @ਚ ਜਲਣ ਦੀ ਸਮੱਸਿਆ

ਮੱਕੀ ਦੀ ਰੋਟੀ ਨੂੰ ਪਾਣੀ @ਚ ਉਬਾਲ ਕੇ ਛਾਣ ਲਓ ਅਤੇ ਇਸ @ਚ ਮਿਸ਼ਰੀ ਮਿਲਾ ਕੇ ਪੀਓ। ਇਸ ਨਾਲ ਯੂਰਿਨ @ਚ ਜਲਣ ਅਤੇ ਗੁਰਦਿਆਂ ਦੀ ਕਮਜ਼ੋਰੀ ਦੂਰ ਹੋਵੇਗੀ। ਇਸ ਨਾਲ ਪੱਥਰੀ ਹੋਣ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ।

9. ਅੱਖਾਂ ਦੀ ਰੌਸ਼ਨੀ ਇਸ @ਚ ਪਾਇਆ ਜਾਣ ਵਾਲਾ ਰੇਟਿਨਾਈਡਸ ਅੱਖਾਂ ਦੇ ਰੇਟਿਨਾ ਲਈ ਲਾਭਕਾਰੀ ਹੁੰਦਾ ਹੈ। ਇਸ ਦਾ ਸੇਵਨ ਕਰਨ ਨਾਲ ਅੱਖਾਂ ਦੀ ਰੌਸ਼ਨੀ ਨੂੰ ਫਾਇਦਾ ਮਿਲਦਾ ਹੈ।

10. ਸਕਿਨ ਲਈ ਫਾਇਦੇਮੰਦ

ਇਸ @ਚ ਮੌਜੂਦ ਬੀਟਾ-ਕੈਰੋਟਿਨ ਅਤੇ ਵਿਟਾਮਿਨ-ਏ ਸਕਿਨ ਲਈ ਬੈਸਟ ਹੁੰਦਾ ਹੈ। ਨਿਯਮਿਤ ਇਸ ਦਾ ਸੇਵਨ ਕਰਨ ਨਾਲ ਸਕਿਨ ਗਲੋ ਕਰਦੀ ਹੈ।

# 9/11 ਹਮਲਿਆਂ 'ਚ ਮਾਰੇ ਗਏ ਦੋ ਲੋਕਾਂ ਦੀ 22 ਸਾਲ ਬਾਅਦ ਹੋਈ ਪਛਾਣ



ਨਿਊ ਯੌਰਕ: ਅਮਰੀਕਾ ਦੇ ਨਿਊ ਯੌਰਕ 'ਚ 11 ਸਤੰਬਰ, 2001 ਨੂੰ ਵਰਲਡ ਟਰੇਡ ਸੈਂਟਰ 'ਤੇ ਹੋਏ ਅਤਿਵਾਦੀ ਹਮਲੇ 'ਚ ਮਾਰੇ ਗਏ ਦੋ ਹੋਰ ਲੋਕਾਂ ਦੀ ਹੁਣ ਪਛਾਣ ਹੋ ਗਈ ਹੈ। 9/11 ਵਜੋਂ ਜਾਣੇ ਜਾਂਦੇ ਦਹਿਸ਼ਤੀ ਹਮਲਿਆਂ ਦੀ 22ਵੀਂ ਬਰਸੀ ਤੋਂ ਪਹਿਲਾਂ ਅਧਿਕਾਰੀਆਂ ਨੇ DNA ਟੈਸਟਿੰਗ ਰਾਹੀਂ ਮ੍ਰਿਤਕਾਂ ਦੀ ਪਛਾਣ ਕਰਨ 'ਚ ਸਫ਼ਲਤਾ ਹਾਸਿਲ ਕੀਤੀ ਹੈ। ਮੇਅਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਦੀ ਬੇਨਤੀ 'ਤੇ ਉਨ੍ਹਾਂ ਦੀ ਪਛਾਣ ਗੁਪਤ ਰੱਖੀ ਹੈ। ਉਸ ਨੂੰ ਹੁਣ ਤੱਕ ਮੌਤ ਨੰਬਰ 1648 ਅਤੇ 1649 ਕਰਾਰ ਦਿੱਤਾ ਗਿਆ ਹੈ। ਜਿਨ੍ਹਾਂ ਦੀ ਪਛਾਣ ਹੋਈ ਹੈ, ਉਨ੍ਹਾਂ 'ਚ ਇੱਕ ਔਰਤ ਅਤੇ ਇੱਕ ਪੁਰਸ਼ ਸ਼ਾਮਿਲ ਹੈ।DNA ਟੈਸਟਿੰਗ ਲਈ ਹਾਲ ਹੀ 'ਚ ਅਪਣਾਈ ਗਈ ਅਗਲੀ ਪੀੜ੍ਹੀ ਦੀ ਸੀਕਵੈਂਸਿੰਗ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਸੀ। ਜੋ ਕਿ ਮੌਜੂਦਾ DNA ਟੈਸਟਿੰਗ ਟੈਕਨਾਲੋਜੀ ਨਾਲੋਂ ਕਿਤੇ ਜ਼ਿਆਦਾ ਉੱਨਤ ਹੈ। ਅਮਰੀਕੀ ਫ਼ੌਜ ਇਸ ਤਕਨੀਕ ਦੀ ਵਰਤੋਂ ਲਾਪਤਾ ਸੈਨਿਕਾਂ ਦੇ ਅਵਸ਼ੇਸ਼ਾਂ ਦੀ ਪਛਾਣ ਕਰਨ ਲਈ ਕਰਦੀ ਹੈ। ਜ਼ਿਕਰਯੋਗ ਹੈ ਕਿ ਇੰਨੀ ਐਡਵਾਂਸ DNA ਟੈਸਟਿੰਗ ਤਕਨੀਕ ਦੇ ਬਾਵਜੂਦ 9/11 ਹਮਲੇ 'ਚ ਮਾਰੇ ਗਏ ਲੋਕਾਂ ਚੋਂ 40 ਫ਼ੀਸਦੀ ਯਾਨੀ 1,100 ਲੋਕ ਅਜੇ ਵੀ ਅਣਪਛਾਤੇ ਹਨ।


ਹਮਲੇ ਦੇ ਸਮੇਂ ਲੋਅਰ ਮੈਨਹੱਟਨ ਖੇਤਰ 'ਚ ਕੁੱਲ 2, 753 ਲੋਕ ਲਾਪਤਾ ਦੱਸੇ ਗਏ ਸਨ। ਸਾਰਿਆਂ ਦੇ ਮੌਤ ਦੇ ਸਰਟੀਫ਼ਿਕੇਟ ਵੀ ਜਾਰੀ ਕੀਤੇ ਗਏ। ਨਿਊ ਯੌਰਕ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ 'ਚ ਮਾਰੇ ਗਏ ਲੋਕਾਂ ਦੀ ਪਛਾਣ ਕਰਨ ਲਈ ਅਮਰੀਕੀ ਇਤਿਹਾਸ ਦੀ ਸਭ ਤੋਂ ਗੁੰਝਲਦਾਰ ਫ਼ੋਰੈਂਜ਼ਿਕ ਜਾਂਚ ਕਰਵਾਈ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਦੋਵਾਂ ਵਿਅਕਤੀਆਂ ਦੀ ਪਛਾਣ ਹੋਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਕੁੱਝ ਰਾਹਤ ਮਿਲੇਗੀ। ਜ਼ਿਕਰਯੋਗ ਹੈ ਕਿ 11 ਸਤੰਬਰ 2001 ਨੂੰ ਵਰਲਡ ਟ੍ਰੇਡ ਸੈਂਟਰ ਨਿਊ ਯੌਰਕ 'ਤੇ ਹੋਏ ਅਤਿਵਾਦੀ ਹਮਲੇ 'ਚ 2, 996 ਦੇ ਕਰੀਬ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਸਨ।


# ਸੁਨਕ ਨੇ ਗੋਡਿਆਂ ਭਾਰ ਬੈਠ ਕੇ ਸ਼ੇਖ ਹਸੀਨਾ ਨਾਲ ਕੀਤੀ ਗੱਲ



ਨਵੀਂ ਦਿੱਲੀ: ਭਾਰਤ ਦੀ ਪ੍ਰਧਾਨਗੀ ਹੇਠ ਸਫ਼ਲਤਾਪੂਰਵਕ ਸੰਪੰਨ ਹੋਏ ਦੋ ਦਿਨਾਂ 7-੨੦ ਸਿਖਰ ਸੰਮੇਲਨ 'ਚ ਕਈ ਦੇਸ਼ਾਂ ਦੇ ਮੁਖੀਆਂ ਨੇ ਭਾਗ ਲਿਆ। ਇਸ ਦੌਰੇ ਦੀਆਂ ਕਈ ਯਾਦਗਾਰ ਤਸਵੀਰਾਂ ਸਾਹਮਣੇ ਆਈਆਂ ਹਨ। ਉੱਥੇ ਹੀ ਸੰਮੇਲਨ ਤੋਂ ਇਲਾਵਾ ਇੱਕ ਮੁਲਾਕਾਤ ਦੌਰਾਨ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਇੱਕ ਤਸਵੀਰ ਵਾਇਰਲ ਹੋਈ ਹੈ ਜਿਸ 'ਚ ਬ੍ਰਿਟਿਸ਼ ਸੁਨਕ ਗੋਡਿਆਂ ਭਾਰ ਬੈਠ ਕੇ ਆਪਣੇ ਬੰਗਲਾਦੇਸ਼ੀ ਹਮਰੁਤਬਾ ਨਾਲ ਗੱਲ ਕਰਦੇ ਨਜ਼ਰ ਆ ਰਹੇ ਹਨ। ਇਸ ਤਸਵੀਰ ਨੇ ਇੰਟਰਨੈੱਟ 'ਤੇ ਕਾਫ਼ੀ ਲੋਕਾਂ ਨੂੰ ਆਕਰਸ਼ਿਤ ਕੀਤਾ। ਦਿਲ ਨੂੰ ਛੂਹ ਲੈਣ ਵਾਲੀ ਇਸ ਤਸਵੀਰ ਨੂੰ ਲੋਕ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ 7-੨੦ ਸੰਮੇਲਨ 'ਚ ਹਿੱਸਾ ਲੈਣ ਲਈ 8 ਸਤੰਬਰ ਨੂੰ ਨਵੀਂ ਦਿੱਲੀ ਪਹੁੰਚੇ ਸਨ। ਉਨ੍ਹਾਂ ਨੇ ਮਜ਼ਾਕੀਆਂ ਅੰਦਾਜ਼ 'ਚ ਕਿਹਾ ਸੀ ਕਿ ਭਾਰਤ ਦੇ ਜਵਾਈ ਵਜੋਂ 7-੨੦ ਨੇਤਾਵਾਂ ਦੇ ਸੰਮੇਲਨ 'ਚ ਸ਼ਾਮਿਲ ਹੋਣਾ ਸੱਚਮੁੱਚ ਖ਼ਾਸ ਹੈ। ਜ਼ਿਕਰਯੋਗ ਹੈ ਕਿ ਸੁਨਕ ਦਾ ਵਿਆਹ ਇੰਫ਼ੋਸਿਸ ਦੇ ਸਹਿ-ਸੰਸਥਾਪਕ ਨਰਾਇਣ ਮੂਰਤੀ ਦੀ ਧੀ ਅਕਸ਼ਤਾ ਮੂਰਤੀ ਨਾਲ ਹੋਇਆ ਹੈ। ਉਹ ਵੀ ਭਾਰਤ ਦੌਰੇ 'ਤੇ ਸੁਨਕ ਨਾਲ ਸੀ।



# 'ਲਾਲ ਪਰੀ' ਬਣ ਕਰੀਨਾ ਕਪੂਰ ਨੇ ਲੁੱਟੀ ਮਹਿਫਲ

ਆਪਣੇ ਕੰਮ ਤੋਂ ਇਲਾਵਾ ਬਾਲੀਵੁੱਡ ਦੀ ਬੇਬੋ ਕਰੀਨਾ ਕਪੂਰ ਵੀ ਅਕਸਰ ਆਪਣੇ ਲੁੱਕ ਅਤੇ ਫੈਸ਼ਨ ਸਟੇਟਮੈਂਟ ਨੂੰ ਲੈ ਕੇ ਸੁਰਖੀਆਂ 'ਚ ਬਣੀ ਰਹਿੰਦੀ ਹੈ। ਹਾਲ ਹੀ 'ਚ ਕਰੀਨਾ ਕਪੂਰ ਇੱਕ ਉਦਘਾਟਨ ਸਮਾਰੋਹ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ, ਜਿੱਥੇ ਉਹ ਆਪਣੇ ਗਲੈਮਰਸ ਲੁੱਕ ਨੂੰ ਫਲਾਂਟ ਕਰਦੀ ਨਜ਼ਰ ਆਈ।

ਦੱਸਿਆ ਜਾ ਰਿਹਾ ਹੈ ਕਿ ਇਹ ਸਮਾਗਮ ਔਰਤਾਂ ਨਾਲ ਸਬੰਧਤ ਮੁੱਦਿਆਂ ਬਾਰੇ ਸੀ। ਇਸ ਮੌਕੇ ਕਰੀਨਾ ਕਪੂਰ ਨੂੰ ਸਨਮਾਨਿਤ ਕੀਤਾ ਗਿਆ। ਇਸ ਈਵੈਂਟ ਦੀਆਂ ਕੁਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀਆਂ ਹਨ।

ਦੱਸ ਦਈਏ ਕਿ ਇਸ ਦੌਰਾਨ ਕਰੀਨਾ ਕਪੂਰ ਖ਼ਾਨ ਨੇ ਲਾਲ ਰੰਗ ਦੀ ਸਿਲਕ ਡਰੈੱਸ ਪਹਿਨੀ ਸੀ, ਜਿਸ 'ਚ ਉਹ ਬੇਹੱਦ ਖ਼ੂਬਸੂਰਤ ਲੱਗ ਰਹੀ ਸੀ। ਉਸ ਨੇ ਇਸ ਡਰੈੱਸ ਨਾਲ ਗੋਲਡਨ ਰੰਗ ਦਾ ਵੱਡਾ ਹਾਰ ਪਾਇਆ, ਜੋ ਉਸ ਦੀ ਖ਼ੂਬਸੂਰਤੀ ਨੂੰ ਹੋਰ ਵਧਾ ਰਿਹਾ ਸੀ। ਨਿਊਡ ਮੇਕਅੱਪ, ਅੱਖਾਂ 'ਚ ਕਾਜਲ ਅਤੇ ਲੋਅ ਬਨ ਨਾਲ ਉਸ ਦੀ ਲੁੱਕ ਹੋਰ ਵੀ ਅਕਰਸ਼ਿਤ ਲੱਗ ਰਹੀ ਸੀ। ਉਦਘਾਟਨੀ ਸਮਾਰੋਹ 'ਚ ਮਹਿਮਾਨ ਵਜੋਂ ਪਹੁੰਚੀ ਕਰੀਨਾ ਕਪੂਰ ਨੇ ਆਪਣੇ ਹੱਥਾਂ ਨਾਲ ਦੀਪਕ ਜਗਾ ਕੇ ਸਮਾਗਮ ਦਾ ਉਦਘਾਟਨ ਕੀਤਾ।

# ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਮੁੜ ਹੋਏ ਇਕੱਠੇ, 'ਜੱਟ ਐਂਡ ਜੂਲੀਅਟ' ਦੇ ਤੀਜੇ ਭਾਗ ਦਾ ਕੀਤਾ ਐਲਾਨ






ਪੰਜਾਬੀ ਫ਼ਿਲਮ ਇੰਡਸਟਰੀ 'ਚ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਦੀ ਜੋੜੀ ਦਾ ਕੋਈ ਤੋੜ ਨਹੀਂ ਹੈ। ਜਦੋਂ ਵੀ ਇਹ ਜੋੜੀ ਸਕ੍ਰੀਨ 'ਤੇ ਇਕੱਠੀ ਨਜ਼ਰ ਆਈ ਹੈ, ਉਦੋਂ ਪੰਜਾਬੀ ਫ਼ਿਲਮ ਇੰਡਸਟਰੀ 'ਚ ਨਵੇਂ ਰਿਕਾਰਡ ਬਣੇ ਹਨ।ਦੋਵਾਂ ਨੂੰ ਆਖਰੀ ਵਾਰ ਸਾਲ 2019 'ਚ ਰਿਲੀਜ਼ ਹੋਈ ਫ਼ਿਲਮ 'ਛੜਾ' 'ਚ ਇਕੱਠੇ ਦੇਖਿਆ ਗਿਆ ਸੀ। ਹੁਣ ਦੋਵਾਂ ਦੇ ਪ੍ਰਸ਼ੰਸਕਾਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ ਕਿਉਂਕਿ ਇਹ ਜੋੜੀ ਮੁੜ ਸਕ੍ਰੀਨ 'ਤੇ ਇਕੱਠੀ ਨਜ਼ਰ ਆਉਣ ਵਾਲੀ ਹੈ।

ਜੀ ਹਾਂ, ਦਿਲਜੀਤ ਤੇ ਨੀਰੂ ਨੇ ਅੱਜ ਆਪਣੀ ਨਵੀਂ ਫ਼ਿਲਮ ਦਾ ਐਲਾਨ ਕੀਤਾ ਹੈ। ਇਹ ਫ਼ਿਲਮ ਕੋਈ ਹੋਰ ਨਹੀਂ, ਸਗੋਂ ਮਸ਼ਹੂਰ ਫਰੈਂਚਾਇਜ਼ੀ 'ਜੱਟ ਐਂਡ ਜੂਲੀਅਨ' ਦਾ ਤੀਜਾ ਭਾਗ ਹੈ। ਦੱਸ ਦੇਈਏ ਕਿ 'ਜੱਟ ਐਂਡ ਜੂਲੀਅਨ 3' ਅਗਲੇ ਸਾਲ 28 ਜੂਨ ਨੂੰ ਰਿਲੀਜ਼ ਹੋਣ ਜਾ ਰਹੀ ਹੈ।

ਯਾਨੀ ਕਿ 'ਜੱਟ ਐਂਡ ਜੂਲੀਅਨ 2' ਦੇ 11 ਸਾਲਾਂ ਬਾਅਦ ਇਸ ਦਾ ਤੀਜਾ ਭਾਗ ਰਿਲੀਜ਼ ਹੋਣ ਜਾ ਰਿਹਾ ਹੈ। 'ਜੱਟ ਐਂਡ ਜੂਲੀਅਟ 3' ਨੂੰ ਲਿਖਿਆ ਤੇ ਡਾਇਰੈਕਟ ਜਗਦੀਪ ਸਿੱਧੂ ਵਲੋਂ ਕੀਤਾ ਜਾ ਰਿਹਾ ਹੈ। ਫ਼ਿਲਮ ਵ੍ਹਾਈਟ ਹਿੱਲ ਸਟੂਡੀਓਜ਼, ਸਪੀਡ ਰਿਕਾਰਡਸ ਤੇ ਸਟੋਰੀਟਾਈਮ ਪ੍ਰੋਡਕਸ਼ਨਜ਼ ਦੀ ਸਾਂਝੀ ਪੇਸ਼ਕਸ਼ ਹੈ।

# ਸ਼ਾਹਰੁਖ ਖਾਨ ਦੀ 'ਜਵਾਨ' ਨੇ ਤੋੜੇ ਸਾਰੇ ਰਿਕਾਰਡ, 4 ਦਿਨਾਂ 'ਚ ਕਮਾਈ 500 ਕਰੋੜ ਦੇ ਪਾਰ





ਸ਼ਾਹਰੁਖ ਖ਼ਾਨ ਦੀ ਫ਼ਿਲਮ 'ਜਵਾਨ' ਨੇ ਆਪਣੀ ਰਿਲੀਜ਼ ਦੇ ਚੌਥੇ ਦਿਨ ਕਮਾਈ ਦੇ ਵੱਡੇ ਰਿਕਾਰਡ ਬਣਾ ਦਿੱਤੇ ਹਨ। 'ਜਵਾਨ' ਸਿਰਫ ਚਾਰ ਦਿਨਾਂ ਅੰਦਰ ਭਾਰਤ 'ਚ 250 ਕਰੋੜ ਰੁਪਏ ਦਾ ਅੰਕੜਾ ਪਾਰ ਕਰਨ ਵਾਲੀ ਪਹਿਲੀ ਫ਼ਿਲਮ ਬਣ ਗਈ ਹੈ।

ਫ਼ਿਲਮ ਨੇ ਭਾਰਤ 'ਚ ਹਿੰਦੀ ਭਾਸ਼ਾ 'ਚ 252.08 ਕਰੋੜ ਰੁਪਏ ਦੀ ਕਮਾਈ ਕੀਤੀ ਹੈ, ਜਦਕਿ ਫ਼ਿਲਮ ਨੇ ਤਾਮਿਲ ਤੇ ਤੇਲਗੂ ਭਾਸ਼ਾਵਾਂ 'ਚ ਹੁਣ ਤਕ 34.08 ਕਰੋੜ ਰੁਪਏ ਦੀ ਕਮਾਈ ਕਰ ਲਈ ਹੈ।

ਉਥੇ ਵਰਲਡਵਾਈਡ ਫ਼ਿਲਮ ਨੇ 520.79 ਕਰੋੜ ਰੁਪਏ ਦੀ ਕਮਾਈ ਕੀਤੀ ਹੈ, ਜੋ ਕਿਸੇ ਹਿੰਦੀ ਫ਼ਿਲਮ ਵਲੋਂ ਕੀਤੀ ਗਈ ਸਭ ਤੋਂ ਵੱਧ ਕਮਾਈ ਹੈ।

ਇਸ ਦੇ ਨਾਲ ਹੀ 'ਜਵਾਨ' ਨੇ ਚੌਥੇ ਦਿਨ 71.63 ਕਰੋੜ ਰੁਪਏ ਦੀ ਕਮਾਈ ਕੀਤੀ ਹੈ, ਜੋ ਕਿਸੇ ਹਿੰਦੀ ਫ਼ਿਲਮ ਵਲੋਂ ਭਾਰਤ 'ਚ ਸਿੰਗਲ ਡੇਅ 'ਚ ਕੀਤੀ ਗਈ ਸਭ ਤੋਂ ਵੱਧ ਕਮਾਈ ਹੈ।

# ਮੋਰੱਕੋ ਨੂੰ ਭੇਜੀ ਮਦਦ ਲਈ ਨੋਰਾ ਫਤੇਹੀ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ



ਮੋਰੱਕੋ ਦੀ ਜੰਮਪਲ ਅਦਾਕਾਰਾ ਨੋਰਾ ਫਤੇਹੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੋਰੱਕੋ ਵਿੱਚ ਆਏ ਭੂਚਾਲ ਮਗਰੋਂ ਦੁੱਖ ਦਾ ਪ੍ਰਗਟਾਵਾ ਕਰਨ ਅਤੇ ਪੀੜਤਾਂ ਵਾਸਤੇ ਮਦਦ ਭੇਜਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਮੋਰੱਕੋ ਵਿੱਚ ਆਏ ਭਿਆਨਕ ਭੂਚਾਲ ਨੇ ਵੱਡੀ ਪੱਧਰ 'ਤੇ ਨੁਕਸਾਨ ਕੀਤਾ ਹੈ, ਜਿਸ ਕਰ ਕੇ ਵੱਡੀ ਗਿਣਤੀ ਲੋਕ ਬੇਘਰ ਹੋ ਗਏ ਹਨ ਤੇ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਪ੍ਰਧਾਨ ਮੰਤਰੀ ਵੱਲੋਂ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' 'ਤੇ ਸਾਂਝੀ ਕੀਤੀ ਗਈ ਪੋਸਟ ਲਈ ਧੰਨਵਾਦ ਕਰਦਿਆਂ ਨੋਰਾ ਫਤੇਹੀ ਨੇ ਕਿਹਾ, "ਇਸ ਮਦਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਬਹੁਤ-ਬਹੁਤ ਧੰਨਵਾਦ। ਤੁਸੀਂ ਇਸ ਔਖੀ ਘੜੀ ਵਿੱਚ ਮਦਦ ਲਈ ਅੱਗੇ ਆਉਣ ਵਾਲੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਹੋ। ਮੋਰੱਕੋ ਵਾਸੀ ਤੁਹਾਡੀ ਇਸ ਮਦਦ ਲਈ ਬਹੁਤ-ਬਹੁਤ ਸ਼ੁਕਰਗੁਜ਼ਾਰ ਹਨ ਜੈ ਹਿੰਦ।" ਜ਼ਿਕਰਯੋਗ ਹੈ ਕਿ ਬੀਤੇ ਕੱਲ੍ਹ ਮੋਰੱਕੋ ਵਿੱਚ ਆਏ 6.8 ਤੀਬਰਤਾ ਦੇ ਭੂਚਾਲ ਨਾਲ ਮੋਰੱਕੋ ਵਿੱਚ ਇਕ ਹਜ਼ਾਰ ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਸੀ ਜਦਕਿ 1200 ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਸਨ।

# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

ਪ੍ਰਿਤਪਾਲ ਮਾਹਲ

ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ,ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।




ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ।



ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ ’ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਛੁਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

# ਬੱਚਿਆਂ ਨੂੰ ਚੰਗੇ ਗੁਣਾਂ ਸਬੰਧੀ ਸੇਧ ਦੇਣਾ ਮਾਪਿਆਂ ਦਾ ਫ਼ਰਜ਼

ਅਸੀਂ ਭਲੀਭਾਂਤ ਜਾਣਦੇ ਹਾਂ ਕਿ ਅੱਜ ਦੇ ਬੱਚਿਆਂ ਨੇ ਹੀ ਕੱਲ੍ਹ ਦੇ ਨੇਤਾ ਅਤੇ ਨਾਗਰਿਕ ਬਣ ਦੇਸ਼-ਸਮਾਜ ਦੇ ਭਵਿੱਖ ਨੂੰ ਸੰਭਾਲਣਾ ਹੈ ਅਤੇ ਇਹ ਗੱਲ ਤਹਿ ਹੈ ਕਿ ਜੇ ਸਾਡੇ ਬੱਚੇ ਪੜ੍ਹੇ-ਲਿਖੇ, ਸੂਝਵਾਨ ਹਨ ਤਾਂ ਸਾਡਾ ਭਵਿੱਖ ਖੁਦ-ਬ-ਖੁਦ ਹੀ ਉਜਵਲ ਹੋਵੇਗਾ। ਇਸ ਪ੍ਰਤੀ ਸਜਗ ਹੁੰਦਿਆਂ ਹੀ ਸਾਡੀ ਸਰਕਾਰ, ਸਮਾਜਿਕ ਸੰਸਥਾਵਾਂ ਵਲੋਂ ਬੱਚਿਆਂ ਨੂੰ ਪੜ੍ਹਿਆ-ਲਿਖਿਆ ਬਣਾਉਣ ਖਾਤਰ ਕਈ ਸਹੂਲਤਾਂ ਵੀ ਪ੍ਰਦਾਨ ਕਰਵਾ ਰੱਖੀਆਂ ਹਨ। ਇਨਸਾਨੀ ਜ਼ਿੰਦਗੀ ‘ਚ ਪੜ੍ਹਾਈ ਦੇ ਮਹੱਤਵ ਨੂੰ ਸਮਝਦਿਆਂ ਹਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਆਮਦਨ ਦਾ ਵੱਡਾ ਹਿੱਸਾ ਖਰਚ ਕਰ ਰਹੇ ਹਨ ਅਤੇ ਉਨ੍ਹਾਂ ਦੀ ਸਫਲਤਾ ਲਈ ਚਿੰਤਤ ਵੀ ਰਹਿੰਦੇ ਹਨ ਪਰ ਸਭ ਕਾਸੇ ਦੇ ਬਾਵਜੂਦ ਵੀ ਜੇ ਮਾਪੇ ਕੁਝ ਗੱਲਾਂ ਤੋਂ ਅਵੇਸਲੇ ਹੋ ਜਾਣ ਤਾਂ ਜਿਥੇ ਬੱਚੇ ਪੜ੍ਹਾਈ ਤੋਂ ਕੰਨੀ ਕਤਰਾਉਣ ਲਗਦੇ ਹਨ, ਉਥੇ ਹੀ ਇੱਕਾ-ਦੁੱਕਾ ਗ਼ਲਤ ਰਸਤਿਆਂ ‘ਤੇ ਵੀ ਪੈ ਸਕਦੇ ਹਨ। ਬੱਚੇ ਦਾ ਮਨ ਕੋਰੀ ਸਲੇਟ ਜਿਹਾ ਹੁੰਦਾ ਹੈ। ਇਸ ‘ਤੇ ਜੋ ਵੀ ਲਿਖਿਆ ਗਿਆ, ਉਸ ਦਾ ਪ੍ਰਭਾਵ ਸਾਰੀ ਉਮਰ ਹੀ ਰਹਿੰਦਾ ਹੈ। ਅੱਜਕਲ੍ਹ ਮੋਬਾਈਲ, ਟੀ. ਵੀ. ਅਤੇ ਸੋਸ਼ਲ ਮੀਡੀਆ ਵਗੈਰਾ ਬੱਚਿਆਂ ਦਾ ਧਿਆਨ ਪੜ੍ਹਾਈ ਤੋਂ ਹਟਾ ਕੇ ਗ਼ਲਤ ਦਿਸ਼ਾ ਵੱਲ ਲਾਉਣ ਲਈ ਵੱਡਾ ਰੋਲ ਨਿਭਾਅ ਰਹੇ ਹਨ। ਕਈ ਮਾਪੇ ਵੀ ਤਾਂ ਖੁਦ ਬੱਚਿਆਂ ਸਾਹਮਣੇ ਹੀ ਵਧੇਰੇ ਸਮਾਂ ਮੋਬਾਈਲ, ਟੀ.ਵੀ. ਸੀਰੀਅਲਾਂ ਵਿਚ ਖੁੱਭੇ ਰਹਿੰਦੇ ਹਨ। ਅੱਜ ਸਰਕਾਰ, ਸਿੱਖਿਆ ਵਿਭਾਗੀ ਮਾਹਿਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਬੱਚਿਆਂ ‘ਤੇ ਔਖੇ ਸਿਲੇਬਸਾਂ ਵਾਲੀ ਪੜ੍ਹਾਈ ਅਤੇ ਭਾਰੇ ਬਸਤਿਆਂ ਦਾ ਬੋਝ ਦਿਨੋ-ਦਿਨ ਵਧ ਰਿਹਾ ਹੈ, ਜਿਸ ਕਰਕੇ ਬੱਚੇ ਦਾ ਸਰੀਰਕ-ਮਾਨਸਿਕ ਵਿਕਾਸ ਪ੍ਰਭਾਵਿਤ ਹੋ ਕੇ ਰਹਿ ਜਾਂਦਾ ਹੈ। ਮਾਪੇ ਬੱਚਿਆਂ ਵਲੋਂ ਸ਼ਤ/ਪ੍ਰਤੀਸ਼ਤ ਅੰਕ ਹਾਸਲ ਕਰਨ, ਡਾਕਟਰ, ਇੰਜੀਨੀਅਰ ਜਾਂ ਵੱਡਾ ਅਫਸਰ ਬਣਨ ਦੀ ਚਾਹਤ ਪੂਰਤੀ ਅਧੀਨ ਬੱਚਿਆਂ ਨੂੰ ਵੱਡੇ/ਮਹਿੰਗੇ ਸਕੂਲ ‘ਚ ਦਾਖਲ ਕਰਵਾ ਕੇ ਵੱਧ ਤੋਂ ਵੱਧ ਖਰਚੇ ਤਾਂ ਭਰ ਲੈਣਗੇ ਪਰ ਉਹ ਇਹ ਸਮਝਣ ਦੀ ਉੱਕਾ ਹੀ ਕੋਸ਼ਿਸ਼ ਨਹੀਂ ਕਰਦੇ ਕਿ ਬੱਚਾ ਕਿਸ ਖੇਤਰ/ਵਿਸ਼ੇ ਵਿਚ ਦਿਲਚਸਪੀ ਰੱਖਦਾ ਹੈ। ਸਕੂਲ ਪ੍ਰਬੰਧਕ ਵੀ ਇਸ ਪੱਖ ਨੂੰ ਅਣਗੌਲਿਆਂ ਕਰਕੇ ਸਿਰਫ ਮਾਪਿਆਂ ਦੀਆਂ ਜੇਬਾਂ ਵੱਲ ਹੀ ਨਿਗ੍ਹਾ ਰੱਖਦੇ ਹਨ। ਨਤੀਜੇ ਵਜੋਂ ਜਬਰੀ ਵਿਸ਼ੇ ਠੋਸਣ ਸਦਕਾ ਬੱਚੇ ਨਾਖੁਸ਼, ਉਲਝੇ ਜਾਂ ਪ੍ਰੇਸ਼ਾਨ ਜਿਹੇ ਰਹਿਣ ਲਗਦੇ ਹਨ। ਕਈ ਮਾਤਾ-ਪਿਤਾ ਤਾਂ ਵਪਾਰਕ, ਘਰੇਲੂ ਰੁਝੇਵਿਆਂ ਸਦਕਾ ਬੱਚਿਆਂ ਦੀ ਪਰਵਰਿਸ਼, ਪੜ੍ਹਾਈ ਦਾ ਜ਼ਿੰਮਾ ਨੌਕਰਾਂ/ਚਾਕਰਾਂ ਜਾਂ ਕਿਸੇ ਹੋਰ ਵਿਅਕਤੀ ਨੂੰ ਸੌਂਪ ਕੇ ਬੱਚਿਆਂ ਨੂੰ ਖੁੱਲ੍ਹਮ-ਖੁੱਲ੍ਹਾ ਜੇਬ ਖ਼ਰਚਾ ਦੇ ਛੱਡਦੇ ਹਨ। ਸ਼ਾਇਦ ਉਨ੍ਹਾਂ ਦੀ ਸੋਚ ਹੋਵੇਗੀ ਕਿ ਉਹ ਪੈਸੇ ਦੇ ਜ਼ੋਰ ‘ਤੇ ਬੱਚਿਆਂ ਨੂੰ ਉੱਤਮ ਵਿੱਦਿਆ, ਸੰਸਕਾਰਾਂ ਅਤੇ ਗੁਣਾਂ ਨਾਲ ਲੈਸ ਕਰ ਲੈਣਗੇ ਪਰ ਉਹ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਬੱਚਾ ਏਨੇ ਪੈਸੇ ਦੀ ਕਿਥੇ ਵਰਤੋਂ ਕਰ ਰਿਹਾ ਹੈ? ਅਕਸਰ ਕਈ ਵਾਰ ਵਧੇਰੇ ਜੇਬ ਖ਼ਰਚਾ ਮਿਲਣ ਕਰਕੇ ਬੱਚਾ ਵਿਗੜ ਜਾਂਦਾ ਹੈ ਅਤੇ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਕਈ ਮਾਪੇ ਤਾਂ ਲਾਡ-ਲਾਡ ‘ਚ ਬੱਚਿਆਂ ਨੂੰ ਕੋਝੀਆਂ ਹਰਕਤਾਂ-ਆਦਤਾਂ ਪ੍ਰਤੀ ਉਤਸ਼ਾਹਿਤ ਵੀ ਕਰਦੇ ਹਨ। ਆਦਤਾਂ ਪੱਕ ਜਾਂਦੀਆਂ ਹਨ ਤਾਂ ਮਾਪਿਆਂ ਨੂੰ ਸ਼ਰਮਿੰਦਗੀ ਵੀ ਉਠਾਉਣੀ ਪੈ ਸਕਦੀ ਹੈ। ਮਾਪੇ ਹਮੇਸ਼ਾ ਪੂਰਾ ਖ਼ਿਆਲ ਰੱਖਣ ਕਿ ਬੱਚਾ ਸਕੂਲ, ਕਲਾਸ ਵਿਚ ਸਹੀ ਤਰੀਕੇ ਬੈਠ, ਪੜ੍ਹ ਰਿਹਾ ਹੈ? ਉਸ ਦੇ ਦੋਸਤ, ਸੰਗਤ ਕਿਹੋ ਜਿਹੀ ਹੈ? ਦਿੱਤਾ ਜੇਬ ਖ਼ਰਚ ਕਿਥੇ ਖ਼ਰਚ ਕਰ ਰਿਹਾ ਹੈ? ਆਦਿ-ਆਦਿ। ਬੱਚਿਆਂ ਨੂੰ ਲੋੜ ਅਨੁਸਾਰ ਜੇਬ ਖਰਚਾ ਹੀ ਦਿੱਤਾ ਜਾਵੇ ਪਰ ਅਜਿਹਾ ਵੀ ਨਾ ਹੋਵੇ ਕਿ ਜੇਬ ਖ਼ਰਚਾ ਦਿੱਤਾ ਹੀ ਨਾ ਜਾਵੇ ਅਤੇ ਉਹ ਦੋਸਤਾਂ ਸਾਹਵੇਂ ਹੀਣ ਭਾਵਨਾ ਮਹਿਸੂਸ ਕਰਦਾ ਰਹੇ। ਚੰਗੀਆਂ ਆਦਤਾਂ ਜ਼ਿੰਦਗੀ ਦੇ ਉਸਾਰੂ ਪੱਖ ਅਤੇ ਮਾੜੀਆਂ ਆਦਤਾਂ ਜ਼ਿੰਦਗੀ ਦੇ ਨਕਾਰਾਤਮਿਕ ਪੱਖ ਦੀ ਮੂੰਹ ਬੋਲਦੀ ਤਸਵੀਰ ਹੁੰਦੀਆਂ ਹਨ। ਮਾਪੇ ਆਪਣੇ ਲਾਡਲਿਆਂ ਨੂੰ ਮੁੱਢ ਤੋਂ ਹੀ ਨੈਤਿਕ ਕਦਰਾਂ-ਕੀਮਤਾਂ, ਸ਼ਿਸ਼ਟਾਚਾਰ, ਵੱਡਿਆਂ ਦਾ ਆਦਰ-ਸਤਿਕਾਰ, ਮਿਲਵਰਤਣ, ਸਹਿਣਸ਼ੀਲਤਾ, ਨਿਮਰਤਾ ਆਦਿ ਚੰਗੀਆਂ ਆਦਤਾਂ, ਗੁਣਾਂ ਸਬੰਧੀ ਸਹੀ ਸੇਧ ਦੇਣ। ਬੱਚਿਆਂ ਨਾਲ ਦੋਸਤਾਂ ਵਾਂਗ ਮਿਲ-ਬੈਠ ਕੇ ਸਮਾਂ ਬਿਤਾਉਂਦਿਆਂ ਹਰ ਨੁਕਤਾ ਸਾਂਝਾ ਕਰਨ। ਸਕੂਲ ਪ੍ਰਬੰਧਕ ਵੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਬੱਚੇ ਦੇ ਰੁਝਾਨ ਮੁਤਾਬਿਕ ਸਿਲੇਬਸ, ਵਿਸ਼ੇ ਪੜ੍ਹਾਉਣ। ‘ਸੌ ਹੱਥ ਰੱਸਾ ਤੇ ਸਿਰੇ ‘ਤੇ ਗੰਢ’ ਵਾਲੀ ਗੱਲ ਹੈ ਕਿ ਜੇ ਮਾਪੇ ਆਪਣੇ ਬੱਚਿਆਂ ਵਿਚ ਸਹੀ ਗੁਣਾਂ, ਆਦਤਾਂ ਦਾ ਵਿਕਾਸ ਕਰਨ ਜਾਂ ਸਿਖਾਉਣ ਪ੍ਰਤੀ ਸਫਲ ਹੁੰਦੇ ਹਨ ਤਾਂ ਜਿਥੇ ਬੱਚੇ ਕੱਲ੍ਹ ਨੂੰ ਆਦਰਸ਼ ਨਾਗਰਿਕ ਬਣ ਆਪਣਾ ਅਤੇ ਦੇਸ਼ ਦਾ ਭਵਿੱਖ ਉਜਵਲ ਕਰਨਗੇ, ਉਥੇ ਹੀ ਮਾਪਿਆਂ ਦੀ ਸ਼ੋਭਾ ਵੀ ਦੂਣਸਵਾਈ ਵਧੇਗੀ।


TOWN OF HEMPSTEAD, N.Y.
FOUNDED 1644
NASSAU COUNTY
LONG ISLAND PUBLIC AFFAIR COMMUNITY
LIPAC
Supervisor Don Clavin,
the Hempstead Town Board,
the Department of Community Affairs & LIPAC
invite you to celebrate
Shweta Vasudeva
SHILPI PAUL
Diwali
Festival
KAJAL GILL
SUNNY GILL
Sunday, October 1st • 12:30 p.m. to 6:30 p.m.
Town of Hempstead Parking Lot
One Washington Street, Hempstead
Artists, Music, Culture, Food, Jewelry, Clothes Stall, Raffle Tickets and much more
For more information:
Sudheer Kumar (516) 852-0276 • Micky Chadha (516) 945-4475
Rupal Sehgal (516) 835-6000 • Zahid Syed or Aman Thind (516) 812-3009
Don Clavin
Supervisor
Council Members
Dorothy L. Goosby • Dennis Dunne, Sr.
Thomas E. Muscarella • Christopher Carini
Melissa Miller • Laura A. Ryder
Kate Murray
Town Clerk
Jeanine C. Driscoll
Receiver of Taxes